

# ਅੰਮ੍ਰਿਤ ਕੀਰਤਨ

ਜਨਵਰੀ 2014



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਪੈਂਤੀ ਅੱਖਰੀ-ਕਾਫ਼ੀਆਂ

### ਦ

ਧਿਆਨ ਕਰੇਂ ਜੇ ਕਾਦਰ ਦੇ ਵਲ
ਆਖਰ ਕਾਦਰ ਪਾਵੇਂ ਹੂ।

ਪ੍ਰੇਮ ਦੀ ਤਾਂਘ ਜੇ ਮਨ ਵਿਚ ਹੋਵੇ
ਪ੍ਰੇਮ ਦੀ ਗਲੀ ਜਾਵੇਂ ਹੂ।

ਤਾਂਘਾ ਦੇ ਵਿਚ ਸਮਾਂ ਗੁਜ਼ਾਰੇਂ,
ਮੇਲ ਹੋਵੇ ਤਦ ਸਾਂਹਵੇ ਹੂ।

ਸੰਤੋਖ ਉਦਾਸੀ ਵਕਤ ਗੁਜ਼ਾਰੇਂ,
ਧਿਆਨ ਪ੍ਰਭੂ ਵੱਲ ਲਾਵੇਂ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ



ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ - **ਜਪੁ ਜੀ ਪ੍ਰਤੀ ਮੇਰੀ ਸਮਝ** **6**

ਸਿਰਮੌਰ ਕੀਰਤਨੀਏ - ਭਾਈ ਸੰਤੋਖ ਸਿੰਘ ਜੀ
ਕਰਮ ਸਿੰਘ ਰਤਨ 8

**ਹਰਿਵੱਲਭ ਦਾ ਸੰਗੀਤ ਮੇਲਾ**
ਡਾ.ਜਗਮੇਲ ਸਿੰਘ ਭਾਠੂਆਂ 12

**Origin and history of the harmonium, its adoption and impact in the Indian Music tradition.**
**Narinder Singh G.N.D.U. 14**

**ਹਰਗੁਨਾ ਗੁਰਮਤਿ ਸੰਗੀਤ ਟਕਸਾਲ ਦੀ ਪੁਨਰ ਸੁਰਜੀਤੀ**
ਗੁਰਨਾਮ ਸਿੰਘ (ਡਾ.)* 18

**ਸ੍ਰੀ ਹਰਿਮੰਦਰ ਸਾਹਿਬ ਵਿਖੇ 'ਰਾਗ ਬਸੰਤ' ਦੀ ਮਰਯਾਦਾ**
-ਬਿਕਰਮਜੀਤ ਸਿੰਘ* **22**

ਸੁਰ ਲਿਪੀ 25



### ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

I have been regularly receiving your wonderful Monthly Magazine *Amrit Kirtan* since long and avidly reading it with interest and benefit. I am happy to observe that you have of late introduced in your editorials thought-provoking excerpts from the works of foreign writers, which add a palpable punch to the refreshing message that you want to give to your readers every month. Permit me to share my thoughts on literary art as practised by the Eastern and Western writers whose expressions are diametrically opposed to each other. The Eastern writers often drift into the woolly profundities of ontological meanderings that snap the rapport between their readers and themselves. The Western writers have an uncanny knack for relating their views to their readers' existentialist experience so that it is easy for the latter to grasp what they former are saying. However, when it comes to the exposition of Art per se, especially a Performing Art like *Music*, both falter midway. I see a similar problem in Wallace D Wattles' excerpt quoted by you in your December 2013 editorial. The phrase 'Inspire People' is a misnomer.

All forms of Art—literary, visual, performing—seek to *express* emotion. And when this is spontaneously accomplished an active rapport is established between the artist and the art lovers, so much so that the latter experience a deep stirring within their selves that says: "Let me go home and do something about it such as would approximate such an artistic creation." On the contrary, a conscious attempt to make an *impression* [which means that the motive is wrong—as reported in your editorial] would end up in motivation—an external inducement for a certain act, a kind of psycho-emotional goading that breaks the inertia and prompts the beneficiary to indulge in singing himself. It is *not* inspiration properly so called, which is essentially an inner awakening, animated but motiveless, that it cannot resist the urge (a strong stirring of native Emotion) for creative self-expression. A singer may sing from the throat, the chest, or the navel, and progressively succeed in creating a strong 'impression' on the audience to earn a loud applause in clapping or in "*Wah! Wah, Kya Baat Hai!!*" But the audial effect disappears soon after the concert is over.

Let me add that a technically perfect performance [such as mentioned in your

quote] comes from a professional who is a master craftsman, *not* a creative singer. In the former case, no mistakes can be found but yet there is no *rasa.* According to Rabindranath Tagore, *"Our emotions are the gastric juices [i.e. rasas] which transform this world of appearance into the more intimate world of sentiments..."* In the case of creative singing, the *rasas* released by an uninhibited rendition are so overwhelming that the audience, elevated into a state of aesthetic euphoria, is left with no desire to see any faults. In this sense, Bhim Sain Joshi was a master craftsman. Ustad Bade Ghulam Ali was a creative vocalist. To conclude, only an "inspired" singer can give a performance that would "Inspire People" because he has severed his contact with the audience to establish a constant touch with The Source within himself comprising the artesian wells of creativity from where true Music springs in soulful gusto of wholesome Expression of divine Emotion. Only such an *inspired* performance can "Inspire People", but, in that rare case, there is neither the singer nor the audience. Only singing is!

DR SS BHATTI, Founder, First Friday Forum, Founder-Teacher and Former Principal, Chandigarh College of Architecture (1982-1996), 3314, Sector 15-D, Chandigarh-160015 (India), E-Mail: ssbhatti24@yahoo.com, Phone: +91-172-2773258 [Residence]

Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਜਪੁ ਜੀ ਪ੍ਰਤੀ ਮੇਰੀ ਸਮਝ

ਜਪੁ ਜੀ ਗੁਰੂ ਗ੍ਰੰਥ ਸਾਹਿਬ ਦਰਜ ਪਹਿਲੀ ਬਾਣੀ ਹੈ। ਬਚਪਨ ਵਿਚ ਹੀ ਹੋਰ ਮਾਪਿਆਂ ਵਾਂਗ ਮੇਰੇ ਮਾਤਾ ਪਿਤਾ ਵੀ ਜਦੋਂ ਕੋਈ ਘਰ ਆਉਂਦਾ ਤਾਂ ਉਸ ਨੂੰ ਸ਼ਾਨ ਨਾਲ ਦਸਦੇ ਸਨ ਕਿ ਇਸ ਪੰਜ ਪਉੜੀਆਂ ਜ਼ੁਬਾਨੀ ਯਾਦ ਹਨ। ਫਿਰ ਮੈਂ ਇਹ ਪਾਠ ਸੁਣਾਉਂਦਾ ਵੀ ਸਾਂ। ਪਰ ਪੂਰਾ ਪਾਠ ਮੈਨੂੰ ਬਹੁਤ ਬਾਦ ਵਿਚ ਯਾਦ ਹੋਇਆ। ਰਹਿਰਾਸ ਸਾਹਿਬ ਮੈਨੂੰ ਚੌਥੀ ਜਮਾਤ ਵਿਚ ਪੜ੍ਹਦਿਆਂ ਯਾਦ ਹੋ ਗਿਆ ਸੀ।

ਖੈਰ! ਜਪੁਜੀ ਬਾਰੇ ਡੂੰਘਾਈ ਵਿਚ ਪੜਾਈ ਐੱਮ .ਏ ਪੰਜਾਬੀ ਕਰਨ ਸਮੇਂ ਸ਼ੁਰੂ ਹੋਈ। ਉਦੋਂ ਸਿਲੇਬਸ ਅਨੁਸਾਰ ਪ੍ਰੋ: ਰਾਮ ਸਿੰਘ, ਡਾ. ਹਰਿਭਜਨ ਸਿੰਘ, ਡਾ. ਵਜ਼ੀਰ ਸਿੰਘ, ਪ੍ਰਿ. ਸਾਹਿਬ ਸਿੰਘ, ਭਾਈ ਵੀਰ ਸਿੰਘ, ਵਿਨੋਬਾ ਭਾਵੇ, ਅਚਾਰੀਆ ਰਜਨੀਸ਼ ਆਦਿ ਦੀਆਂ ਵਿਆਖਿਆਵਾਂ ਪੜ੍ਹੀਆਂ। ਪਤਾ ਲੱਗਾ ਕਿ ਇਹ ਬੜੀ ਅਗਾਧ ਬੋਧ ਬਾਣੀ ਹੈ। ਇਸ ਨੂੰ ਪੂਰੀ ਤਰ੍ਹਾਂ ਸਮਝਣਾ ਕਠਿਨ ਹੈ।

ਅਜੇ ਵੀ ਇਸ ਬਾਰੇ ਕੁਝ ਨਾ ਕੁਝ ਛਪਦਾ ਰਹਿੰਦਾ ਹੈ। ਹੁਣ ਦੇ ਕੁਝ ਵਿਦਵਾਨ ਇਹ ਸਾਬਿਤ ਕਰਨ ਦਾ ਯਤਨ ਕਰ ਰਹ ਹਨ ਕਿ ਪਹਿਲੇ ਟੀਕੇ ਵਿਆਖਿਆਵਾਂ ਗਲਤ ਹਨ। ਕੁਝ ਨਵੇਂ ਲੇਖਕ ਤਾਂ ਇਹ ਵੀ ਕਹਿੰਦੇ ਹਨ ਕਿ ਪੁਰਾਣੇ ਬਜ਼ੁਰਗ ਲੇਖਕਾਂ ਨੇ ਜਾਣ ਬੁਝ ਕੇ ਗਲਤ ਅਰਥ ਕੀਤੇ ਹਨ। ਮੇਰੀ ਬੇਨਤੀ ਹੈ ਕਿ ਪੁਰਾਣੇ ਲੇਖਕਾਂ ਦੀ ਸੁਹਿਰਦਤਾ ਤੇ ਈਮਾਨਦਾਰੀ ਤੇ ਸ਼ੱਕ ਨਹੀਂ ਕੀਤਾ ਜਾਣਾ ਚਾਹੀਦਾ। ਉਹਨਾਂ ਨੇ ਆਪਣੀ ਸਮਰੱਥਾ ਅਨੁਸਾਰ ਸੀਮਤ ਸਾਧਨਾਂ ਦੇ ਨਾਲ ਇਹ ਕਾਰਜ ਕੀਤੇ ਹਨ। ਉਹਨਾਂ ਸਹਾਰਾ ਲੈ ਕੇ ਉਹਨਾਂ ਨੂੰ ਹੀ ਭੰਡਣਾ ਜਾਇਜ਼ ਨਹੀਂ ਹੈ। ਉਹਨਾਂ ਦੀ ਸ਼ਲਾਘਾ ਕਰਨੀ ਅਤੇ ਨਮਸਕਾਰ ਕਰਨੀ ਚਾਹੀਦੀ ਹੈ।

ਜਪੁਜੀ ਸਾਰੇ ਦਾਰਸ਼ਨਿਕ ਅਧਿਆਤਮਿਕ ਸਮਾਜਿਕ ਆਦਿ ਪੱਖਾਂ ਬਾਰੇ ਵਿਆਖਿਆ ਕਰਨ ਵਾਲੇ ਵਿਦਵਾਨਾਂ ਬਾਰੇ ਸੋਚ ਕੇ ਹੈਰਾਨੀ ਹੁੰਦੀ ਹੈ। ਮੇਰੀ ਸਮਝ ਕੁਝ ਸਤਹੀ ਪੱਧਰ ਦੀ ਹੈ। ਇਹ ਬਾਣੀ ਨਿਤਨੇਮ ਵਿਚ ਸ਼ਾਮਲ ਕੀਤੀ ਗਈ ਹੈ। ਹਰ ਸਾਧਾਰਨ ਅਤੇ ਵਿਦਵਾਨ ਸਿੱਖ ਇਸ ਦਾ ਰੋਜ਼ਾਨਾ ਪਾਠ ਕਰਦਾ ਹੈ। ਇਕ ਸਧਾਰਨ ਸਿੱਖ ਨੂੰ ਇਸ ਵਿਚੋਂ ਕੀ ਸੇਧ ਜਾਂ ਧਰਵਾਸ ਮਿਲਦਾ ਹੈ ਮੈਂ ਇਸ ਬਾਰੇ ਸੋਚਦਾ ਹਾਂ। ਹੁਣ ਤਕ ਇਸ ਦਾ ਪਾਠ ਇਕ ਰੁਟੀਨ ਵਜੋਂ ਕਰਦਾ ਆ ਰਿਹਾ ਹਾਂ। ਪਹਿਲਾਂ ਮਾਤਾ ਪਿਤਾ ਨੂੰ ਖੁਸ਼ ਕਰਨ ਵਾਸਤੇ ਕਰਦੇ ਸਾਂ। ਫਿਰ ਇਹ ਨਿਤਨੇਮ ਵਜੋਂ, ਪਰ ਉਚੇਰੇ ਪੱਧਰ 'ਤੇ ਸਮਝ ਕੇ ਤਾਂ ਸ਼ਾਇਦ ਇਸ

ਦਾ ਪਾਠ ਨਹੀਂ ਕੀਤਾ। ਫਿਰ ਪ੍ਰਸ਼ਨ ਉੱਠਦਾ ਹੈ ਕਿ ਇਸ ਬਾਣੀ ਨੂੰ ਵੀ ਨਿਤਨੇਮ ਵਿਚ ਸ਼ਾਮਲ ਕਰਨ ਬਾਰੇ ਕੀ ਰਮਜ਼ ਹੈ। ਕੁਝ ਕਹਿੰਦੇ ਹਨ ਕਿ ਜਪੁਜੀ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਾਰ ਹੈ। ਪਰ ਆਮ ਵਿਅਕਤੀ ਨੇ ਸਾਰਾ ਸਾਰ ਤਾਂ ਸਮਝਣਾ ਨਹੀਂ ਉਸਨੂੰ ਤਾਂ ਨਿਤ ਦਾ ਜੀਵਨ ਜੀਊਣ ਲਈ ਕੋਈ ਅਗਵਾਈ ਚਾਹੀਦਾ ਹੈ।

ਪਾਠ ਕਰਦਿਆਂ ਮੇਰਾ ਧਿਆਨ ਕੁਝ ਸ਼ਬਦਾਂ ਜਾਂ ਤੁਕਾਂ 'ਤੇ ਅਟਕਦਾ ਹੈ ਉਹਨਾਂ ਤੋਂ ਕੁਝ ਸੇਧ ਮਿਲਦੀ ਹੈ। ਮੂਲ ਮੰਤਰ ਵਿਚੋਂ ਨਿਰਭਉ ਤੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੰਦੇ ਹਨ ਇਸ ਸਦਕਾ ਮੇਰੇ ਮਨ ਵਿਚ ਇਹ ਖਿਆਲ ਪੈਦਾ ਹੁੰਦਾ ਹੈ ਕਿ ਮੇਰਾ ਕਿਸੇ ਨਾਲ ਕੋਈ ਕੰਪੀਟੀਸ਼ਨ ਨਹੀਂ। ਮੈਂ ਆਪ ਹੀ ਗੁਰ ਦੀ ਕਿਰਪਾ ਸਦਕਾ ਸਿਰਜਕ ਬਣਨਾ ਹੈ। ਸਜਣ. ਤੇ ਚਲਦਿਆਂ।

ਕਿ ਸਚਿਆਰਾ ਹੋਈਐ... ਦਾ ਉੱਤਰ... ਹੁਕਮ ਰਜਾਈ ਚਲਣਾ... ਨਾਲ ਮਿਲਦਾ ਹੈ। ਫਿਰ ਹੁਕਮ ਨੂੰ ਬੁਝਣ ਵੱਲ ਬਹੁਤ ਡੂੰਘਾਈ ਨਾਲ ਨਹੀਂ ਸੋਚਦਾ। ਪਰ ਜਦੋਂ ਮਹਿਸੂਸ ਹੁੰਦਾ ਹੈ ਕਿ ਸਭ ਕੁਝ ਹੁਕਮ ਅਨੁਸਾਰ ਹੋ ਰਿਹਾ ਹੈ ਤਾਂ ਸਹਿਜ ਦਾ ਅਹਿਸਾਸ ਹੁੰਦਾ ਹੈ।

ਕੀਰਤਨ ਕਰਦਾ ਹਾਂ ਤਾਂ... ਗਾਵੀਐ ਸੁਣੀਐ ਮਨ ਰਖੀਐ ਭਾਉ... ਤੋਂ ਅਗਵਾਈ ਮਿਲਦੀ ਹੈ।

ਸਭਨਾ ਜੀਆ ਕਾ ਇਕ ਦਾਤਾ...ਪੜ੍ਹਦਿਆਂ ਵੀ ਵਾਹਿਗੁਰੂ ਦਾ ਸ਼ੁਕਰ ਕਰਨ ਲਈ ਮਜਬੂਰ ਹੋਈਦਾ ਹੈ।ਕੁਝ ਹੋਰ ਤੁਕਾਂ ਮਨ ਨੂੰ ਟੁੰਬਦੀਆਂ ਹਨ:

**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥...ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥...ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥...ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥...ਧੌਲੁ ਧਰਮੁ ਦਇਆ ਕਾ ਪੂਤੁ ॥...ਜੋ ਤੁਧੁ ਭਾਵੈ ਸਾਈ ਭਲੀ ਕਾਰ ॥...ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥...ਕੇਤਿਆ ਦੂਖ ਭੂਖ ਸਦ ਮਾਰ ॥ਏਹਿ ਭਿ ਦਾਤਿ ਤੇਰੀ ਦਾਤਾਰ ॥**

ਪਾਠਕ ਜੀ ! ਤੁਸੀਂ ਜਦੋਂ ਪਾਠ ਕਰਦੇ ਹੋ ਤਾਂ ਤੁਹਾਡੇ ਮਨ ਵਿਚ ਕੀ ਵਿਚਾਰ ਆਉਂਦੇ ਹਨ?

ਨਵਾਂ ਸਾਲ ਮੁਬਾਰਕ...ਸਦ ਵਿਗਾਸ ਦੀ ਅਵਸਥਾ ਲਈ ਕਾਮਨਾ ਕਰਦਾ ਹਾਂ।

ਭੁੱਲ ਚੁੱਕ ਖਿਮਾ।

ਆਪਦਾ

# ਸਿਰਮੌਰ ਕੀਰਤਨੀਏ - ਭਾਈ ਸੰਤੋਖ ਸਿੰਘ ਜੀ

## ਕਰਮ ਸਿੰਘ ਰਤਨ

ਸੰਨ 1970 ਜੂਨ ਵਿਚ ਭਾਈ ਸਾਹਿਬ ਅਤੇ ਅਸੀਂ ਪੂਰੇ ਜਥੇ ਨੇ ਪੰਜਾਬੀ ਗੁਰਦੁਆਰਾ ਅੰਬਾਲਾ ਛਾਉਣੀ ਤੋਂ ਕੀਰਤਨ ਦੀ ਸੇਵਾ ਛੱਡ ਦਿੱਤੀ ਅਤੇ ਅਸੀਂ ਜੱਥੇ ਸਮੇਤ ਦਿੱਲੀ ਚਲੇ ਗਏ ਤੇ ਗੁਰਦੁਆਰਾ ਸੀਸ ਗੰਜ ਸਾਹਿਬ ਠਹਿਰੇ ਹੋਏ ਸਾਂ। ਗੁਰਦੁਆਰਾ ਸਾਹਿਬ ਦੇ ਜੋੜੇਖਾਨੇ ਕੋਲ ਇਕ ਇਸ਼ਤਿਹਾਰ ਲੱਗਾ ਹੋਇਆ ਸੀ ਤੇ ਉਹ ਇਸ਼ਤਿਹਾਰ ਭਾਈ ਸਾਹਿਬ ਪੜਨ ਲੱਗ ਗਏ। ਇਹ ਇਸ਼ਤਿਹਾਰ ਦਿੱਲੀ ਦੀ ਰਾਗੀ ਸਭਾ ਵੱਲੋਂ ਸੀ। ਉਸ ਵਿਚ ਕੀਰਤੀ ਨਗਰ ਗੁਰਦੁਆਰਾ ਸਿੰਘ ਸਭਾ ਵੱਲੋਂ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਸੀ, ਜਿਸ ਵਿਚ ਦਿੱਲੀ ਦੇ ਸਭ ਨਾਮੀ ਰਾਗੀ ਭਾਗ ਲੈ ਰਹੇ ਸਨ ਅਤੇ ਉਸ ਵਿਚ ਫਸਟ, ਸੈਕਿੰਡ ਅਤੇ ਥਰਡ ਦੇ ਇਨਾਮ ਵੀ ਰੱਖੇ ਗਏ ਸਨ। ਇਸ਼ਤਿਹਾਰ ਪੜ੍ਹਕੇ ਭਾਈ ਸਾਹਿਬ ਸਾਨੂੰ ਕਹਿਣ ਲੱਗੇ ਕਿ ਚਲੋ ਆਪਾਂ ਵੀ ਚੱਲੀਏ ਤਾਂ ਮੈਂ ਕਿਹਾ ਕਿ ਭਾਈ ਸਾਹਿਬ ਜੀ ਆਪਾਂ ਨੂੰ ਕਿਹੜਾ ਉਹਨਾਂ ਬੁਲਾਇਆ ਹੈ। ਇਸ ਲਈ ਆਪਣਾ ਜਾਣਾ ਚੰਗਾ ਨਹੀਂ ਲਗਦਾ। ਭਾਈ ਸਾਹਿਬ ਕਹਿਣ ਲੱਗੇ ਕਿ ਕਾਕਾ ਸੰਗਤ ਨੂੰ ਕਿਹੜਾ ਕੋਈ ਲੋਕ ਚਿੱਠੀਆਂ ਪਾਉਂਦੇ ਹਨ, ਸੁਣਨ ਵਾਲੇ ਆਪੇ ਹੀ ਜਾਂਦੇ ਹਨ। ਉਥੇ ਬੜੇ ਸਿਆਣੇ ਸਿਆਣੇ ਰਾਗੀ ਆਏ ਹੋਣਗੇ। ਚਲੋ ਉਹਨਾਂ ਨੂੰ ਹੀ ਸੁਣ ਆਵਾਂਗੇ। ਅਸੀਂ ਕਿਹਾ, ਜਿਵੇਂ ਆਪ ਜੀ ਦੀ ਇੱਛਾ। ਅਸੀਂ ਸ਼ਾਮ ਨੂੰ ਕੀਰਤੀ ਨਗਰ ਪਹੁੰਚ ਗਏ। ਰਾਤ ਦਾ ਦੀਵਾਨ ਸੀ, ਬੜਾ ਵੱਡਾ ਹਾਲ ਉਹ ਖਚਾ ਖਚ ਸੰਗਤ ਨਾਲ ਭਰਿਆ ਹੋਇਆ ਸੀ। ਦਿੱਲੀ ਦੇ ਸਭ ਮਸ਼ਹੂਰ ਰਾਗੀ ਜੱਥੇ ਆਏ ਹੋਏ ਸਨ, ਰਾਗੀ ਸਭਾ ਦੇ ਪ੍ਰਧਾਨ ਭਾਈ ਇੰਦਰ ਸਿੰਘ ਜੀ ਗੁਜਰਾਂ ਵਾਲੇ ਵੀ ਆਏ ਹੋਏ ਸਨ। ਰਾਤ ਦਾ ਸਮਾਂ ਸੀ ਤੇ ਕਾਫੀ ਰਾਗੀ ਸਿੰਘ ਕੀਰਤਨ ਕਰ ਚੁੱਕੇ ਸਨ। ਅਸੀਂ ਵੀ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਏ।

ਸਭ ਰਾਗੀ ਸਿੰਘਾਂ ਦੀ ਇਹ ਰਾਇ ਸੀ ਕਿ ਇਸ ਵਾਰ ਭਾਈ ਦਵਿੰਦਰ ਸਿੰਘ ਪ੍ਰੋਫੈਸਰ ਸਭ ਤੋਂ ਵਧੀਆ ਗਾ ਰਹੇ ਹਨ, ਇਸ ਲਈ ਫਸਟ ਇਨਾਮ ਉਹਨਾਂ ਨੂੰ ਹੀ ਮਿਲੇਗਾ। ਸੋ ਜਦੋਂ ਸਭ ਰਾਗੀ ਕੀਰਤਨ ਕਰ ਚੁੱਕੇ, ਤਾਂ ਭਾਈ ਇੰਦਰ ਸਿੰਘ ਜੀ ਪ੍ਰਧਾਨ ਰਾਗੀ ਸਭਾ ਉੱਠੇ ਤੇ ਉਹਨਾਂ ਨੇ ਅਨਾਂਊਸ ਕੀਤਾ ਕਿ ਸਾਧ ਸੰਗਤ ਜੀ ਤੁਸੀਂ ਦਸ ਪੰਦਰਾਂ ਮਿੰਟ ਹੋਰ ਸਮਾਂ ਦੇਣਾ ਹੈ ਕਿਉਂਕਿ ਭਾਈ ਸੰਤੋਖ ਸਿੰਘ ਜੀ ਕੁਦਰਤੀ ਸਾਡੇ ਵਿਚ ਆ ਗਏ ਹਨ। ਸੋ ਅਸੀਂ ਚਾਹੁੰਦੇ ਹਾਂ ਕਿ ਉਹ ਵੀ ਦਸ ਕੁ ਮਿੰਟ ਕੀਰਤਨ ਦੀ ਹਾਜ਼ਰੀ ਲਾਉਣ। ਭਾਈ ਸੰਤੋਖ ਸਿੰਘ ਨੇ ਬੜਾ ਮਨ੍ਹਾ ਕੀਤਾ ਕਿ ਅਸੀਂ ਤਾਂ ਸੁਣਨ ਹੀ ਆਏ ਹਾਂ, ਪਰ ਸਭ ਰਾਗੀ ਸਿੰਘਾਂ ਦੇ ਜ਼ੋਰ ਦੇਣ 'ਤੇ ਭਾਈ ਸਾਹਿਬ ਮੰਨ ਗਏ। ਅਸੀਂ ਸਟੇਜ 'ਤੇ ਬੈਠ ਗਏ। ਭਾਈ ਕਰਤਾਰ ਸਿੰਘ ਤਰਨ

ਤਾਰਨ ਵਾਲੇ, ਸਾਡੇ ਨਾਲ ਤਬਲੇ ਤੇ ਸਨ ਅਤੇ ਤਬਲੇ ਦੇ ਚੰਗੇ ਸਿਆਣੇ ਵਜੰਤਰੀ ਸਨ। ਸੋ ਰਾਤ ਦਾ ਟਿਕਿਆ ਹੋਇਆ ਮਾਹੌਲ ਤੇ ਸਮਾਂ ਸੀ। ਭਾਈ ਸੰਤੋਖ ਸਿੰਘ ਜੀ ਨੇ ਰਾਗ ਦਰਬਾਰੀ ਸ਼ੁਰੂ ਕੀਤਾ ਤੇ ਦਸ ਮਿੰਟ ਦੇ ਸਮੇਂ ਵਿਚ ਹੀ ਰਹਿ ਕੇ ਚਾਰ ਬੰਦਸ਼ਾਂ ਵੱਖੋ ਵੱਖਰੇ ਤਾਲਾਂ ਵਿਚ ਰਾਗ ਦਰਬਾਰੀ ਵਿਚ ਹੀ ਗਾਈਆਂ।

ਹੁਣ ਉਥੇ ਜੋ ਨੰਬਰ ਦੇਣ ਵਾਲੇ ਜੱਜ ਸੱਜਣ ਬੈਠੇ ਸਨ, ਉਹ ਸੋਚੀਂ ਪੈ ਗਏ ਕਿ ਹੁਣ ਕੀ ਕਰੀਏ। ਸਾਨੂੰ ਸਾਰਾ ਨਿਰਣਾ ਬਦਲਣਾ ਪੈਣਾ ਹੈ। ਪਰ ਕਿਉਂ ਕਿ ਸੱਚਾਈ ਤੇ ਅਸੂਲ ਸਭ ਲਈ ਇਕੋ ਜਿਹਾ ਹੀ ਹੁੰਦਾ ਹੈ, ਜੋ ਜੱਜਾਂ ਨੇ ਭਾਈ ਸੰਤੋਖ ਸਿੰਘ ਜੀ ਨੂੰ ਫਸਟ ਕਰਾਰ ਦੇ ਦਿੱਤਾ ਤੇ ਭਾਈ ਦਵਿੰਦਰ ਸਿੰਘ ਪ੍ਰੋਫੈਸਰ ਨੂੰ ਸੈਕਿੰਡ ਕਰਾਰ ਦੇ ਦਿੱਤਾ। ਸਾਰੇ ਇਨਾਮਾਂ ਦੀ ਵੰਡ ਹੋਣ ਤੋਂ ਬਾਅਦ ਭਾਈ ਸੰਤੋਖ ਸਿੰਘ ਜੀ ਨੇ ਉੱਠ ਕੇ ਸੰਗਤ ਨੂੰ ਕਿਹਾ ਕਿ ਮੈਂ ਤਾਂ ਸਿਰਫ ਸੁਣਨ ਲਈ ਹੀ ਆਇਆ ਸੀ। ਸੋ ਮੈਂ ਇਸ ਇਨਾਮ ਦਾ ਹੱਕਦਾਰ ਨਹੀਂ। ਮੈਂ ਕਿਸੇ ਦਾ ਹੱਕ ਨਹੀਂ ਮਾਰਨਾ ਚਾਹੁੰਦਾ। ਮੈਂ ਇਹ ਸਨਮਾਨ ਪ੍ਰੋਫੈਸਰ ਦਵਿੰਦਰ ਸਿੰਘ ਨੂੰ ਹੀ ਅਰਪਨ ਕਰਦਾ ਹਾਂ। ਇਹ ਵੇਖ ਕੇ ਸਾਰੀ ਸੰਗਤ ਨੇ ਭਾਈ ਸੰਤੋਖ ਸਿੰਘ ਦੇ ਹੱਕ 'ਚ ਖੁਸ਼ ਹੋ ਕੇ ਜੈ ਜੈਕਾਰ ਛੱਡ ਦਿੱਤੇ। ਪਰ ਫਿਰ ਵੀ ਸਭਾ ਨੇ ਭਾਈ ਸੰਤੋਖ ਸਿੰਘ ਤੇ ਪ੍ਰੋਫੈਸਰ ਦਵਿੰਦਰ ਸਿੰਘ ਨੂੰ ਇਕੋ ਜਿਹਾ ਸਨਮਾਨਤ ਕਰ ਦਿੱਤਾ।

ਭਾਈ ਸੰਤੋਖ ਸਿੰਘ ਜੀ ਨੇ ਅੰਮ੍ਰਿਤਸਰ ਵਿਖੇ ਗੁਰਦੁਆਰਾ ਬਾਬਾ ਅਟੱਲ ਜੀ ਦੇ ਅਸਥਾਨ ਤੇ ਪਹਿਲੇ ਕੀਰਤਨ ਦੀ ਸੇਵਾ ਸ਼ੁਰੂ ਕੀਤੀ ਸੀ, ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਅਤੇ ਫਿਰ ਫੈਜ਼ਾਬਾਦ ਸਿੰਘ ਸਭਾ ਦੇਹਰਾਦੂਨ, ਸਿੰਘ ਸਭਾ ਕਾਨਪੁਰ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ, ਗੁਰਦੁਆਰਾ ਸਿੰਘ ਸਭਾ ਸਦਰ ਬਾਜ਼ਾਰ ਅੰਬਾਲਾ ਛਾਉਣੀ, ਪੰਜਾਬੀ ਗੁਰਦੁਆਰਾ ਅੰਬਾਲਾ ਛਾਉਣੀ, ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਅਤੇ ਅਖੀਰ ਵਿਚ ਗੁਰਦੁਆਰਾ ਸਿੰਘ ਸਭਾ ਸੈਕਟਰ 19 ਡੀ ਚੰਡੀਗੜ੍ਹ। ਇਹਨਾਂ ਥਾਵਾਂ ਤੇ ਕੀਰਤਨ ਦੀ ਸੇਵਾ ਕੀਤੀ ਅਤੇ ਚੰਡੀਗੜ੍ਹ ਰਹਿੰਦਿਆਂ ਹੀ ਆਪ ਜੀ ਨੇ ਆਪਣੀ ਪੱਕੀ ਰਿਹਾਇਸ਼ ਐਸ. ਏ. ਐਸ. ਨਗਰ, ਮੋਹਾਲੀ ਫੇਸ ਇਕ ਵਿਚ ਕਰ ਲਈ ਤੇ ਜੀਵਨ ਦੇ ਅੰਤ ਸਮੇਂ ਤੱਕ ਆਪ ਜੀ ਇਥੇ ਹੀ ਰਹੇ।

ਦਾਸ ਨੇ ਭਾਵੇਂ ਉਹਨਾਂ ਨਾਲ ਉਸਤਾਦੀ ਸ਼ਾਗਿਰਦੀ ਦੀ ਰਸਮ ਨਹੀਂ ਸੀ ਕੀਤੀ। ਸਿਫਰ ਚੌਦਾਂ ਪੰਦਰਾਂ ਮਹੀਨੇ ਮੈਂ ਸਹਾਇਕ ਰਾਗੀ ਬਣ ਕੇ ਹੀ ਸਾਥ ਦਿੱਤਾ ਸੀ, ਪਰ ਉਹਨਾਂ ਪ੍ਰਤੀ ਦਿਲ ਵਿਚ ਸਤਿਕਾਰ ਉਸਤਾਦ ਜਿੰਨਾ ਹੀ ਸੀ ਕਿਉਂਕਿ ਗਾਇਕੀ ਵਿਚ ਮੈਨੂੰ ਉਹਨਾਂ ਨੇ ਹੀ ਸੰਪੂਰਨ ਕੀਤਾ ਸੀ। ਆਪ ਜੀ ਮੈਨੂੰ ਗਾਹੇ ਬਗਾਹੇ ਸੰਗੀਤ ਦੀ ਬਾਰੀਕੀਆਂ ਬਾਰੇ ਸਮਝਾ ਦੇ ਦਿੰਦੇ ਸਨ, ਗਾਉਂਦੇ ਤਾਂ ਸਾਰੇ ਹੀ ਹਨ, ਰਾਗ ਵੀ ਉਹੀ ਹਨ, ਗੁਰਬਾਣੀ ਵੀ ਉਹੀ ਹੈ, ਪਰ ਜਿਸ ਨੂੰ ਗਾਇਕੀ ਵਿਚ ਰੰਗ ਭਰਨਾ ਆ ਜਾਵੇ, ਉਹੀ ਸਫਲ ਸੰਗੀਤਕਾਰ ਜਾਂ ਰਾਗੀ ਹੁੰਦਾ ਹੈ।

ਆਪ ਜੀ ਕਲਾਸੀਕਲ ਅਤੇ ਸੁਗਮ ਸੰਗੀਤ ਵਿਚ ਬਹੁਤ ਮਾਹਿਰ ਸਨ, ਜੇ ਕਰ ਕਲਾਸੀਕਲ ਗਾਉਂਦੇ ਤਾਂ ਐਸਾ ਬਿਖੜਾ ਕਿ ਰੇਡੀਓ ਸਟੇਸ਼ਨ ਦੇ ਸਾਜਿੰਦੇ ਵੀ ਮੁਸ਼ਕਲ ਵਿਚ ਪੈ ਜਾਂਦੇ ਅਤੇ ਜੇ ਸੁਗਮ

ਸੰਗੀਤ ਗਾਉਣਾ ਤਾਂ ਐਸਾ ਗਾਉਣਾ ਕਿ ਆਮ ਪੇਂਡੂ ਲੋਕ ਜੋ ਕਿ ਸੰਗੀਤ ਨੂੰ ਨਾ ਸਮਝਣ ਵਾਲੇ ਵੀ ਵਾਹ ਵਾਹ ਕਰ ਉੱਠਦੇ ਸਨ। ਆਮ ਰਾਗੀ ਕਲਾਸੀਕਲ ਗਾਉਣ ਤਾਂ ਪੇਂਡੂ ਲੋਕ ਜੋ ਸੰਗੀਤ ਨੂੰ ਨਾ ਸਮਝਣ ਵਾਲੇ ਉੱਠ ਕੇ ਤੁਰ ਜਾਂਦੇ ਹਨ। ਪਰ ਭਾਈ ਸਾਹਿਬ ਜੀ ਪਿੰਡਾਂ ਵਿਚ ਜਾ ਕੇ ਵੀ ਐਸਾ ਕਲਾਸੀਕਲ ਗਾਉਂਦੇ ਸਨ ਕਿ ਆਮ ਦਿਹਾਤੀ ਲੋਕ ਵੀ ਆਪ ਜੀ ਤੋਂ ਫਰਮਾਇਸ਼ ਕਰ ਕੇ ਕਲਾਸੀਕਲ ਸੁਣਦੇ ਸਨ ਅਤੇ ਆਪ ਜੀ ਵਿਆਖਿਆ ਵੀ ਬਹੁਤ ਕਮਾਲ ਦੀ ਕਰਦੇ ਸਨ। ਭਾਈ ਗੁਰਦਾਸ ਜੀ ਦੀ ਬਾਣੀ ਵਾਰਾਂ ਤੇ ਕਬਿਤ ਸਵਯੇ ਆਪ ਜੀ ਨੂੰ ਬਹੁਤ ਸਾਰੇ ਯਾਦ ਸਨ।

ਆਪ ਜੀ ਰਾਗੀਆਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਦੇ ਆਪਸੀ ਸੰਬੰਧਾਂ ਤੋਂ ਬਿਲਕੁਲ ਸੰਤੁਸ਼ਟ ਨਹੀਂ ਸਨ। ਸਮਾਂ ਪੈਣ ਤੇ ਪ੍ਰਬੰਧਕਾਂ ਨੂੰ ਵੀ ਖਰੀਆਂ ਖਰੀਆਂ ਸੰਗਤ ਵਿਚ ਹੀ ਸੁਣਾ ਦੇਂਦੇ ਸਨ। ਇਸੇ ਲਈ ਗੁਰਦੁਆਰਿਆਂ ਦੇ ਪ੍ਰਬੰਧਕ ਆਪ ਜੀ ਤੋਂ ਡਰਦੇ ਸਨ। ਉਹ ਇਸ ਹੱਕ ਵਿਚ ਸਨ ਕਿ ਰਾਗੀ ਸਿੰਘਾਂ ਦੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਤੇ ਹੋਰ ਸਹੂਲਤਾਂ ਇਹਨਾਂ ਦੀ ਲੋੜ ਅਨੁਸਾਰ ਹੀ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਰਾਗੀ ਸਿੰਘ ਆਪਣੀ ਸੰਗੀਤ ਸਾਧਨਾਂ ਵੱਲ ਵਿਸ਼ੇਸ਼ ਧਿਆਨ ਦੇ ਸਕਣ। ਅਖਬਾਰਾਂ ਪੜ੍ਹਨੀਆਂ ਤੇ ਉਹਨਾਂ ਦੀ ਕਟਿੰਗ ਰੱਖਣੀ ਅਤੇ ਦੇਸ਼ ਬਾਰੇ ਸੋਚਣਾ ਸਿੱਖ ਕੌਮ ਬਾਰੇ ਵੀ ਸੋਚਨਾਂ, ਉਹਨਾਂ ਦਾ ਖਾਸ ਸ਼ੌਂਕ ਸੀ।

ਐਸੀ ਗਾਇਕੀ ਕਿਸੇ ਵਿਰਲੇ ਰਾਗੀ ਦੇ ਭਾਗਾਂ ਵਿਚ ਹੀ ਹੋਈ ਜੋ ਭਾਈ ਸੰਤੋਖ ਸਿੰਘ ਜੀ ਗਾ ਗਏ ਹਨ। ਆਪ ਜੀ ਰੋਹਤਕ ਰੇਡੀਉ ਸਟੇਸ਼ਨ ਨਾਲ ਜੁੜੇ ਹੋਏ ਸਨ ਤੇ ਉਥੇ ਪ੍ਰੋਗਰਾਮ ਕਰਨ ਗਏ ਹੋਏ ਸਨ ਤੇ ਪ੍ਰੋਗਰਾਮ ਤੋਂ ਇਕ ਦਿਨ ਪਹਿਲੇ ਕਮਰੇ ਵਿਚ ਬੈਠੇ ਸਾਥੀਆਂ ਨਾਲ ਪ੍ਰੋਗਰਾਮ ਦੀ ਰੀਹਰਸੈਲ ਕਰ ਰਹੇ ਸਨ ਤੇ ਉਹਨਾਂ ਦੇ ਦਿਮਾਗ਼ ਦੀ ਨਾੜੀ ਫਟ ਗਈ। ਉਥੇ ਰੋਹਤਕ ਹੀ ਆਪ ਜੀ ਦਾ ਦਿਹਾਂਤ ਹੋ ਗਿਆ। ਦਾਸ ਉਸ ਸਮੇਂ ਗੁਰਦੁਆਰਾ ਸਿਘ ਸਭਾ ਮੁਰਾਦਾਬਾਦ ਵਿਖੇ ਨੌਕਰੀ ਕਰਦਾ ਸੀ। ਦਾਸ ਨੂੰ ਬਹੁਤ ਦੇਰ ਬਾਅਦ ਉਹਨਾਂ ਦੇ ਦਿਹਾਂਤ ਦਾ ਪਤਾ ਲੱਗਿਆ।

ਆਪ ਜੀ ਦਾ ਵਿਆਹ ਜਲੰਧਰ ਵਿਖੇ ਬੀਬੀ ਕੁਲਵੰਤ ਕੌਰ ਨਾਲ ਹੋਇਆ ਸੀ ਜਿਸ ਵਿਚੋਂ ਆਪ ਜੀ ਦੀਆਂ ਸੱਤ ਸੰਤਾਨਾਂ ਸਨ, ਤਿੰਨ ਲੜਕੇ ਅਤੇ ਚਾਰ ਬੇਟੀਆਂ। ਵੱਡਾ ਲੜਕਾ ਬਲਵਿੰਦਰ ਸਿੰਘ ਕੁੱਕੂ ਸੀ, ਭਾਈ ਸਾਹਿਬ ਨੇ ਉਸ ਨੂੰ ਕੀਰਤਨ ਲਾਈਨ ਵਿਚ ਪਾਇਆ ਸੀ ਪਰ ਉਹ ਕਾਮਯਾਬ ਨਹੀਂ ਹੋ ਸਕਿਆ। ਭਾਈ ਸਾਹਿਬ ਜੀ ਦੇ ਦਿਹਾਂਤ ਤੋਂ ਬਾਅਦ ਉਹ ਭੈੜੀ ਸੰਗਤ ਵਿਚ ਪੈ ਕੇ ਆਪਣਾ ਜੀਵਨ ਖਰਾਬ ਕਰ ਬੈਠਾ। ਬਾਕੀ ਦੋ ਲੜਕੇ ਤੇ ਚਾਰ ਲੜਕੀਆਂ ਨੂੰ ਭਾਈ ਸਾਹਿਬ ਆਪਣੇ ਹੱਥੀਂ ਵਿਆਹ ਗਏ ਸਨ ਅਤੇ ਸਭ ਬੱਚੇ ਆਪਣੇ ਆਪਣੇ ਘਰ ਖੁਸ਼ ਹਨ।

ਭਾਈ ਸੰਤੋਖ ਸਿੰਘ ਜੀ ਦੇ ਨਾਲ ਸਹਾਇਕ ਸਾਥੀ ਤਾਂ ਬਹੁਤ ਸਾਰੇ ਰਹੇ ਹਨ ਪਰ ਭਾਈ ਸਾਹਿਬ ਜੀ ਦੀਆਂ ਸ਼ਬਦਾਂ ਦੀਆਂ ਬੰਦਸ਼ਾਂ ਸਭ ਤੋਂ ਜ਼ਿਆਦਾ ਮੇਰੇ ਪਾਸ ਹਨ। ਇਸ ਲਈ ਮੈਂ ਚਾਹੁੰਦਾ ਹਾਂ ਕਿ ਕੋਈ ਐਸਾ ਚਾਹਵਾਨ ਸੱਜਣ ਹੋਵੇ ਜੋ ਮੇਰੇ ਪਾਸੋਂ ਉਹਨਾਂ ਦੀਆਂ ਬੰਦਸ਼ਾਂ ਸਿੱਖ ਲਵੇ ਤਾਂ ਕਿ ਭਾਈ ਸਾਹਿਬ ਦਾ ਨਾਮ ਤੇ ਉਹਨਾਂ ਦੀ ਕਲਾ ਦੁਨੀਆਂ ਵਿਚ ਰਹਿ ਜਾਵੇ, ਪਰ ਕਿਸੇ ਵਿਚ ਵੀ ਅੱਜ ਤੱਕ ਇਹ

ਹਿੰਮਤ ਨਹੀਂ ਪਈ ਕਿ ਉਹ ਆ ਕੇ ਮੇਰੇ ਤੋਂ ਕੁਝ ਸ਼ਬਦ ਸਿੱਖ ਲਵੇ। ਇਸ ਗੱਲ ਦਾ ਮੈਨੂੰ ਬਹੁਤ ਅਫਸੋਸ ਹੈ।

ਉਹਨਾਂ ਦੀਆਂ ਜੋ ਸ਼ਬਦਾਂ ਦੀਆਂ ਬੰਦਸ਼ਾਂ ਪੁਰਾਤਨ ਅਤੇ ਟਕਸਾਲੀ ਬੰਦਸ਼ਾਂ ਤੇ ਸੁਗਮ ਬੰਦਸ਼ਾਂ ਐਸੀਆਂ ਹਨ ਜੋ ਅੱਜ ਵੀ ਨਵੇਂ ਰਾਗੀਆਂ ਦਾ ਮਾਰਗ ਦਰਸ਼ਨ ਕਰਦੀਆਂ ਹਨ। ਸੰਗਤਾਂ ਦੇ ਦਿਲਾਂ ਤੇ ਛਾਈਆਂ ਹੋਈਆਂ ਹਨ। ਜਿਵੇਂ ਰਾਗ ਮਲਾਰ ਵਿਚ (ਐਸੀ ਕਉਨ ਬਿਧੇ ਦਰਸਨ ਪਰਸਨਾਂ) ਅਤੇ (ਬੋਲਹੁ ਰਾਮ ਕਰੇ ਨਿਸ਼ਕਾਰਾ) ਅਤੇ ਰਾਗ ਯਮਨ ਵਿਚ (ਕੰਠੇ ਮਾਲਾ ਜਿਹਵਾ ਰਾਮ) ਅਤੇ (ਮੇਰੇ ਲਾਲਨ ਕੀ ਸਭਾ) ਇਸ ਬੰਦਸ਼ ਦੀ ਕਾਪੀ ਕੀਤੀ ਹੈ, ਸੰਗੀਤਕਾਰ ਰਵਿੰਦਰ ਜੈਨ ਨੇ ਫਿਲਮ ਚਿੱਤ ਚੋਰ ਵਿਚ, ਜੋ ਗਾਣਾ ਹੈ ਗਾਇਕ ਯਸ਼ੂਦਾਸ ਅਤੇ ਹੇਮ ਲਤਾ ਨੇ ਗਾਇਆ ਹੈ (ਜਬ ਦੀਪ ਜਲੇ ਆਨਾ, ਜਬ ਸ਼ਾਮ ਢਲੇ ਆਨਾ) ਇਸ ਤੋਂ ਇਲਾਵਾ ਉਹਨਾਂ ਦੀਆਂ ਮਸ਼ਹੂਰ ਤੇ ਸਿੱਕੇ ਬੰਦ ਬੰਦਸ਼ਾਂ ਹਨ। 1. ਮੁਲਾਂ ਕਰਹੁ ਨਿਆਉ ਖੁਦਾਈ, 2. ਪ੍ਰਾਣੀ ਏਕੋ ਨਾਮ ਧਿਆਵਹੁ, 3. ਲੋਗਨ ਰਾਮ ਖਿਲੋਨਾ ਜਾਨਾ, 4. ਮਾਈ ਗੁਰ ਬਿਨ ਗਿਆਨ ਨ ਪਾਈਐ, 5. ਹਰਿ ਜਨ ਨਾਚਹੁ ਹਰਿ ਹਰਿ ਧਿਆਇ, 6. ਸੋ ਹਰਿ ਮੇਰਾ ਅੰਤਰਜਾਮੀ, 7. ਦੀਵਾ ਮੇਰਾ ਏਕ ਨਾਮ ਦੁਖ ਵਿਚ ਪਾਇਆ ਤੇਲ, 8. ਜਾ ਕਾ ਮੀਤ ਸਾਜਨ ਹੈ ਸਮੀਆ, 9. ਮੇਰੈ ਮਨਿ ਸਬਦ ਲਗੋ ਗੁਰ ਮੀਠਾ, ਹੋਰ ਵੀ ਬਹੁਤ ਸਾਰੀਆਂ ਬੰਦਸ਼ਾਂ ਹਨ ਜੋ ਕਿ ਲਾ ਮਿਸਾਲ ਤੇ ਸਿੱਕੇ ਬੰਦ ਚੀਜ਼ਾਂ ਹਨ। ਜਦੋਂ ਕਿਤੇ ਬਹੁਤੇ ਰਾਗੀਆਂ ਵਿਚ ਇੱਜ਼ਤ ਤੇ ਅਣਖ ਦੀ ਗੱਲ ਆ ਜਾਵੇ, ਉਸ ਸਮੇਂ ਭਾਈ ਸੰਤੋਖ ਸਿੰਘ ਜੀ ਦੀ ਕੋਈ ਬੰਦਸ਼ ਸੰਗਤ ਵਿਚ ਗਾ ਦਿਉ। ਤੁਸੀਂ ਸਭ 'ਤੇ ਛਾਅ ਜਾਉਗੇ। ਇਹ ਹੈ ਭਾਈ ਸਾਹਿਬ ਦੇ ਕੰਮ ਦਾ ਪ੍ਰਤਾਪ ਅਤੇ ਕਲਾ।

ਅੰਤ ਵਿਚ ਮੈਂ ਡਾਕਟਰ ਸਾਹਿਬ ਜਾਗੀਰ ਸਿੰਘ, ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਹੋਰ ਜਿੰਨੀਆਂ ਵੀ ਗੁਰਮਤਿ ਸੰਗੀਤ ਨੂੰ ਬੜ੍ਹਾਵਾ ਦੇਣ ਵਾਲੀਆਂ ਸੰਸਥਾਵਾਂ ਹਨ, ਸਭ ਦੇ ਚਰਨਾਂ ਵਿਚ ਮੇਰੀ ਅਪੀਲ ਹੈ ਕਿ ਭਾਈ ਸੰਤੋਖ ਸਿੰਘ ਜੀ ਦੀਆਂ ਇਹ ਅਮੋਲਕ ਧੁਨਾਂ ਜੋ ਕਿ ਇਕ ਅਮੋਲਕ ਖਜ਼ਾਨਾ ਹੈ ਜੇਕਰ ਕੋਈ ਇਹਨਾਂ ਦੀਆਂ ਬੰਦਸ਼ਾਂ ਨੂੰ ਰੀਕਾਰਡ ਕਰ ਕੇ ਲੋਕਾਂ ਤਕ ਪੁਚਾ ਸਕਦੇ ਹਨ ਤਾਂ ਮੈਂ ਇਹ ਧੁਨਾਂ ਆਪਣੀ ਆਵਾਜ਼ ਵਿਚ ਰੀਕਾਰਡ ਕਰਵਾ ਦੇਵਾਂਗਾ। ਉਸ ਦਾ ਮੈਂ ਕਿਸੇ ਪਾਸੋਂ ਕੋਈ ਪੈਸਾ ਨਹੀਂ ਲਵਾਂਗਾ। ਮੈਨੂੰ ਇਹ ਖੁਸ਼ੀ ਹੋਵੇਗੀ ਕਿ ਭਾਈ ਸਾਹਿਬ ਦਾ ਇਹ ਅਮੋਲਕ ਤੇ ਅਦੁੱਤੀ ਖਜ਼ਾਂਨਾ ਦੁਨੀਆਂ ਤੇ ਰਹਿ ਜਾਵੇਗਾ। ਆਉਣ ਵਾਲੀ ਰਾਗੀ ਪਨੀਰੀ ਇਸ ਦੋਂ ਲਾਭ ਉਠਾਏਗੀ। ਨਹੀਂ ਤਾਂ ਜੇ ਮੈਂ ਚਲਾ ਗਿਆ ਤਾਂ ਸਭ ਕੁਝ ਮੇਰੇ ਨਾਲ ਹੀ ਚਲਾ ਜਾਵੇਗਾ। ਇਸ ਲਈ ਸਭ ਸਿੱਖ ਸੰਸਥਾਵਾਂ ਨੂੰ ਮੇਰੀ ਬੇਨਤੀ ਵੱਲ ਹਮਦਰਦੀ ਨਾਲ ਅਤੇ ਉਚੇਚੇ ਤੌਰ 'ਤੇ ਧਿਆਨ ਦੇਣ। (ਸਮਾਪਤ)

Mobile : 9780708747


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302. FIC code State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਹਰਿਵੱਲਭ ਦਾ ਸੰਗੀਤ ਮੇਲਾ

ਡਾ.ਜਗਮੇਲ ਸਿੰਘ ਭਾਠੂਆਂ

ਮੇਲੇ ਪੰਜਾਬੀ ਸਭਿਆਚਾਰ ਦਾ ਅਨਿਖੜਵਾਂ ਅੰਗ ਹਨ।ਪੰਜਾਬ ਗੁਰੂਆਂ,ਪੀਰਾਂ,ਅਵਤਾਰਾਂ ਤੇ ਰਿਸ਼ੀਆਂ ਮੁਨੀਆਂ ਦੀ ਧਰਤੀ ਹੈ।ਇਸ ਧਰਤੀ ਦਾ ਕੋਈ ਹੀ ਅਜਿਹਾ ਦਿਨ ਹੋਵੇਗਾ ਜਦ ਕਿਸੇ ਖਾਨਗਾਹ ਜਾਂ ਸਮਾਧ ਤੇ ਲੋਕਾਂ ਦਾ ਭਾਰੀ ਇਕੱਠ ਨਾ ਹੁੰਦਾ ਹੋਵੇ।ਮੇਲੇ ਲੋਕ ਕਲਾ ਦੀ ਉਪਜ ਅਤੇ ਇਸਦੇ ਵਿਕਾਸ ਲਈ ਵੀ ਸਹਾਈ ਹੁੰਦੇ ਹਨ।ਇਸ ਪੱਖੋਂ ਪੰਜਾਬ ਵਿਚ ਦੇਵੀ ਤਲਾਬ ਜਲੰਧਰ ਵਿਖੇ ਲੱਗਣ ਵਾਲਾ ਹਰੀਵੱਲਬ ਦਾ ਮੇਲਾ ਇਕ ਅਜਿਹਾ ਸੰਗੀਤ ਮੇਲਾ ਹੈ ,ਜਿਸਦੀ ਪ੍ਰਸਿੱਧਤਾ ਪੰਜਾਬ ਤੱਕ ਹੀ ਨਹੀਂ,ਸਗੋਂ ਹਿਦੁੰਸਤਾਨ ਪੱਧਰ ਦੀ ਹੈ।ਹੋਰਨਾਂ ਮੇਲਿਆਂ ਨਾਲੋਂ ਇਸਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਹ ਪੂਰੀ ਤਰ੍ਹਾਂ ਸੰਗੀਤ ਨੂੰ ਸਮਰਪਿਤ ਹੈ।ਸ਼ਾਸਤਰੀ ਸੰਗੀਤ ਨੂੰ ਲੋਕ-ਪ੍ਰਿਅ ਬਣਾਉਣ ਵਾਲੇ ਇਸ ਮੇਲੇ ਦਾ ਭਾਰਤੀ ਸੰਗੀਤ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ ।ਭਾਰਤ ਵਿਚ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਇਸ ਕਿਸਮ ਦੇ ਹੋਰ ਵੀ ਕਈ ਸਮਾਰੋਹ ਹਰ ਸਾਲ ਆਯੋਜਿਤ ਹੁੰਦੇ ਹਨ, ਜਿਵੇਂ ਕਿ ਤਾਨਸੈਨ ਸੰਗੀਤ ਸਮਾਰੋਹ ਗਵਾਲੀਅਰ ਵਿਖੇ,ਹਰੀਦਾਸ ਸੰਗੀਤ ਸੰਮੇਲਨ ਬ੍ਰਿੰਦਾਵਨ,ਧਰੂਪਦ ਸੰਮੇਲਨ ਵਾਰਾਣਸੀ,ਵਿਸ਼ਨੂੰ ਦਿਗੰਬਰ ਜਯੰਤੀ ਦਿੱਲੀ,ਭਾਸ਼ਕਰ ਰਾਓ ਸੰਗੀਤ ਸੰਮੇਲਨ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ,ਆਦਿ। ਇਸੇ ਤਰ੍ਹਾਂ ਪੂਨਾ,ਮੁਬਈ,ਕੋਲਕਾਤਾ ਆਦਿ ਮਹਾਨਗਰਾਂ ਵਿਚ ਵੀ ਅਜਿਹੇ ਮੇਲਿਆਂ ਦਾ ਆਯੋਜਨ ਹੁੰਦਾ ਰਹਿੰਦਾ ਹੈ।ਪੰਜਾਬ ਦਾ ਹਰਿਵੱਲਭ ਮੇਲਾ ਉਨੀਵੀਂ ਸਦੀ ਦੇ ਅਖੀਰ ਵਿਚ ਸੁਆਮੀ ਹਰਿਵੱਲਭ ਗਿਰੀ ਦੁਆਰਾ ਆਰੰਭ ਕਤਿਾ ਗਿਆ ।ਸ਼ੁਆਮੀ ਹਰਿਵੱਲਭ ਜੀ ਦਾ ਜਨਮ ਜਿਲਾ ਹੁਸਿਆਰਪੁਰ ਦੇ ਉਸ ਇਤਿਹਾਸਕ ਪਿੰਡ ਬਜਵਾੜਾ ਵਿਖੇ ਹੋਇਆ,ਜੋ ਭਾਰਤ ਦੇ ਮਹਾਨ ਗਾਇਕ ਬੈਜੂ ਬਾਵਰਾ ਦੀ ਵੀ ਜਨਮ ਭੂਮੀ ਵਜੋਂ ਵੀ ਜਾਣਿਆ ਜਾਂਦਾ ਹੈ ।ਬਚਪਨ ਵਿਚ ਹੋਈ ਮਾਤਾ-ਪਿਤਾ ਜੀ ਦੀ ਮੌਤ ਨੇ ਆਪ(ਹਰੀਵੱਲਭ) ਨੂੰ ਬੇਸਹਾਰਾ ਅਤੇ ਬੈਰਾਗੀ ਸੁਭਾਅ ਦਾ ਬਣਾ ਦਿੱਤਾ।ਇਨ੍ਹਾਂ ਦੇ ਮਾਮਾ ਜਵੰਦ ਲਾਲ ਆਪ ਨੂੰ ਜਲੰਧਰ ਆਪਣੇ ਪਾਸ ਲੈ ਗਏ ,ਪਰੰਤੂ ਇੱਥੇ ਆਪ ਦਾ ਮਨ ਸੰਸਾਰਿਕ ਬੰਧਨਾਂ ਤੋਂ ਮੁਕਤੀ ਲਈ ਉਸ ਮਾਰਗ ਦੀ ਖੋਜ ਵਿਚ ਲੱਗ ਗਿਆ,ਜਿਸ ਮਾਰਗ ਤੇ ਚਲਦਿਆਂ ਜੀਵਨ ਦੇ ਸੱਚ ਨੂੰ ਜਾਣਿਆ ਜਾ ਸਕਦਾ ਹੈ।ਅਜਿਹੇ ਸਮੇ ਆਪਣੀ ਰੂਹ ਦੀ ਭਟਕਣ ਨੂੰ ਸ਼ਾਂਤ ਕਰਣ ਲਈ ਆਪ ਨੇ ਸੰਗੀਤ ਸਿਖਣ ਦਾ ਮਨ ਬਣਾ ਲਿਆ ਅਤੇ ਜਵਾਨੀ ਦੀ ਉਮਰੇ ਪੰਡਿਤ ਦੁਨੀ ਚੰਦ ਪਾਸੋਂ ਸੰਗੀਤ ਦੀ ਸਿਖਿਆ ਆਰੰਭ ਕੀਤੀ।ਇਕ ਵਾਰੀ ਜਦ ਆਪ ਨੂੰ ਦੇਵੀ ਤਲਾਬ ਜਲੰਧਰ ਦੇ ਧਾਰਮਿਕ ਅਸ਼ਥਾਨ ਤੇ ਬਾਬਾ ਹੇਮਗਿਰੀ ਦੀ ਗੱਦੀ ਦੇ ਮਹੰਤ ਸੁਆਮੀ ਤੁਲਜਾਗਿਰੀ ਦਾ ਵਿਸਮਾਦੀ ਸੰਗੀਤ ਧਰੁਪਦ ਸ਼ੈਲੀ ਵਿਚ ਸੁਣਨ ਦਾ ਮੌਕਾ ਮਿਲਿਆ ,ਤਾਂ ਹਰੀਵੱਲਬ ਉਪਰ ਇਸਦਾ ਅਜਿਹਾ ਅਸਰ ਹੋਇਆ ਕਿ ਸ਼ੱਚ ਦੀ ਖੋਜ ਲਈ ਉਨ੍ਹਾਂ ਸ਼ੁਆਮੀ ਤੁਲਜਾਗਿਰੀ ਨੂੰ ਆਪਣਾ ਆਪਾ ਪੂਰੀ ਤਰਾਂ ਸਮਰਪਿਤ ਕਰ ਦਿਤਾ,ਅਤੇ ਸੰਨਿਆਸ ਗ੍ਰਹਿਣ ਕਰਕੇ ਇਸੇ ਅਸ਼ਥਾਨ ਨੂੰ ਆਪਣਾ ਨਿਵਾਸ ਅਸਥਾਨ ਬਣਾ ਲਿਆਂ ।ਇਸ ਸਮੇ ਤੱਕ ਦੇਵੀ ਤਲਾਬ ਰੂਹਾਨੀਅਤ ਅਤੇ ਭਗਤੀ ਸੰਗੀਤ ਦਾ ਪ੍ਰਮੁਖ ਕੇਂਦਰ ਬਣ ਚੁਕਾ ਸੀ।ਸੰਨ ੧੯੭੪ ਈ.ਵਿੱਚ ਸੁਆਮੀ ਤੁਲਜਾਗਿਰੀ ਜੀ ਦੇ ਦੇਹਾਂਤ ਤੋਂ ਪਿੱਛੋ ਇਸ ਪਵਿਤ੍ਰ ਅਸਥਾਨ ਦੇ ਮਹੰਤ ਬਣੇ ਬਾਬਾ ਹਰੀਵੱਲਬ ਜੀ ਨੇ ਆਪਣੇ ਗੁਰੂ ਸੁਆਮੀ ਤੁਲਜਾਗਿਰੀ ਜੀ ਦੀ ਯਾਦ ਵਿਚ ਸੰਨ੧੯੭੫ ਈ ਤੋਂ ਹਰ ਸ਼ਾਲ ਵਿਸਾਲ ਸਮਾਗਮ ਮਨਾਉਣ ਦੀ ਪਰੰਪਰਾ ਸੁਰੂ ਕੀਤੀ,ਜਿਸ ਵਿਚ ਦੂਰ ਦੂਰ ਤੋਂ ਸਾਧੂ ਮਹਾਤਮਾਂ ਪਹੁੰਚਕੇ ਲਗਾਤਾਰ ਕਈ ਕਈ ਦਿਨ ਪ੍ਰਭੂ ਗੁਣਾਂ ਦਾ ਗਾਇਣ ਕਰਦੇ ਅਤੇ ਖੁਦ ਸੁਆਮੀ ਹਰਿਵੱਲਭ ਜੀ ਵੀ ਧਰੁਪਦ ਸ਼ੈਲੀ ਵਿਚ ਅਲੌਕਿਕ ਅਤੇ ਭਗਤੀ-ਰਸ ਦੇ ਮਧੁਰ ਭਜਨ ਗਾਇਨ ਕਰਦੇ।ਰਾਗ ਹਿੰਦੋਲ ਅਤੇ ਰਾਗ ਮਲਹਾਰ ਵਿਚ ਆਪ ਦੇ ਗਾਏ ਪ੍ਰਸਿੱਧ ਭਜਨਾਂ ਦੇ ਬੋਲ ਹਨ-ਹੇ ਤੂ ਹੀ ਆਦਿ

ਅੰਤਿ ਅਤੇ ਤਾ ਮੇਹਰਬਾ ਬਰਸੇ ਆਦਿ।ਸੁਆਮੀ ਹਰਿਵੱਲਭ ਜੀ ਦੁਆਰਾ ਆਰੰਭ ਕੀਤੇ ਇਸ ਸਮਾਗਮ ਦਾ ਮੁਖ ਪ੍ਰਯੋਜਨ ਭਗਤੀ ਅਤੇ ਸ਼ਕਤੀ ਦੇ ਸ਼੍ਰੋਤ ਭਾਰਤੀ ਸ਼ਾਸਤਰੀ ਸੰਗੀਤ ਦੀ ਸਾਂਭ ਸੰਭਾਲ ਅਤੇ ਪ੍ਰਚਾਰ-ਪ੍ਰਸਾਰ ਕਰਨਾ ਸੀ । ਪੰਜਾਬ ਅਤੇ ਭਾਰਤ ਦੇ ਪ੍ਰਸਿੱਧ ਸ਼ਾਸਤਰੀ ਸੰਗੀਤਕਾਰ ਵੀ ਇਸ ਵਿਚ ਵਧ ਚੜਕੇ ਹਿੱਸਾ ਲੈਣ ਲੱਗ ਪਏ।ਇਸ ਸੰਬੰਧ ਵਿਚ ਪੰਡਿਤ ਵਿਸ਼ਨੂੰ ਦਿਗੰਬਰ,ਸਰਵ ਸ਼੍ਰੀ ਭਾਸ਼ਕਰ ਰਾਓ,ਰਾਮਕ੍ਰਿਸ਼ਨ ਸ਼ੰਕਰ ,ਪੰਡਿਤ ਬਾਲਾ ਗੁਰੂ, ਪੰਡਿਤ ਓਂਕਾਰ ਨਾਥ ਠਾਕੁਰ, ਸ਼੍ਰੀ ਮੁਹੰਮਦ ਖਾਂ ਸਾਰੰਗੀਆ, ਬੜੇ ਗੁਲਾਮ ਅਲੀ ਖਾਂ,ਇਮਦਾਦ ਖਾਂ ਪੰਡਿਤ ਰਵੀ ਸ਼ੰਕਰ,ਉਸਤਾਦ ਵਿਲਾਇਤ ਹੁਸ਼ੈਨ ਖਾਂ, ,,ਉਸਤਾਦ ਅਬਦੁਲ ਖਾਂ,ਉਸਤਾਦ ਅਬਦੁਲ ਅਜੀਜ ਖਾਂ, ਪੰਡਿਤ ਗੁਜਰ ਰਾਮ ਬਾਸੁਦੇਵ ਅਤੇ ਉਸਤਾਦ ਮਲੰਗ ਖਾਂ ,ਦਿਲੀਪ ਚੰਦਰ ਆਦਿ ਹੋਰ ਵੀ ਅਨੇਕ ਨਾਂ ਵਿਸ਼ੇਸ਼ ਵਰਨਣਯੋਗ ਹਨ ।

ਸੁਆਮੀ ਹਰੀਵੱਲਭ ਜੀ ਦੇ ਸਮਾਧੀ ਲੀਨ(੧੯੮੫ ਈ.) ਉਪਰੰਤ ਉਨ੍ਹਾਂ ਦੇ ਸ਼ਿਸ਼ ਪੰਡਿਤ ਤੋਲੇ ਰਾਮ ਜੀ ਨੇ ਇਸ ਸਮਾਗਮ ਨੂੰ ਜਾਰੀ ਰੱਖਿਆ ।ਉਨ੍ਹਾਂ ਨੇ ਇਸ ਸੰਗੀਤ ਸ਼ੰਮੇਲਨ ਦੇ ਪ੍ਰਚਾਰ ਲਈ ਸਮੁੱਚੇ ਭਾਰਤ ਵਿਚ ਦੂਰ ਦੁਰਾਡੇ ਬੈਠੇ ਸੰਗੀਤਕਾਰਾਂ ਨੂੰ ਨਿੱਜੀ ਤੌਰ ਤੇ ਮਿਲਕੇ ,ਇਸ ਸਮਾਗਮ ਵਿਚ ਸ਼ਮੂਲੀਅਤ ਲਈ ਬੇਨਤੀ ਕੀਤੀ।ਅਜੋਕੇ ਦੌਰ ਦੇ ਪ੍ਰਸਿੱਧ ਸੰਗੀਤਾਚਾਰੀਆ ਡਾ ਗੁਰਨਾਮ ਸਿੰਘ(ਪੰਜਾਬੀ ਯੂਨੀਵਰਸਿਟੀ ,ਪਟਿਆਲਾਂ) ਦਾ ਕਥਨ ਹੈ ਕਿ "ਇਸ ਜ਼ਮਾਨੇ ਵਿਚ ਸਾਰੇ ਗਾਇਕ,ਵਾਦਕ ਬਗੈਰ ਕਿਸੇ ਧੰਨ ਰਾਸੀ ਦੇ ਇਸ ਅਸਥਾਨ ਤੇ ਆਪਣੀ ਸ਼ਰਧਾ ਭਾਵਨਾਂ ਨਾਲ ਆਪਣੀ ਕਲਾ ਦੇ ਜੌਹਰ ਵਿਖਾਇਆ ਕਰਦੇ ਸਨ।ਉਚਕੋਟੀ ਦੇ ਸ਼ਾਸਤਰੀ ਗਾਇਕ ਪੰਡਿਤ ਵਿਸ਼ਨੂੰ ਦਿਗੰਬਰ ਜੀ ਇਸ ਸੰਗੀਤ ਮੇਲੇ ਚ ਸ਼ਮੂਲੀਅਤ ਵੀ ਕਰਦੇ ਅਤੇ ਮਾਇਆ ਵੀ ਦੇ ਕੇ ਜਾਂਦੇ।ਪੰਡਿਤ ਜੀ ਦਾ ਵਿਚਾਰ ਸੀ,ਕਿ ਇਹ ਜਗ੍ਹਾਂ ਲੇਨੇ ਕੀ ਨਹੀਂ ਦੇਨੇ ਕੀ ਹੈ,ਯਹਾਂ ਕਾ ਤੋ ਆਸ਼ੀਰਵਾਦ ਹੀ ਕਾਫੀ ਹੈ"

ਪੰਡਿਤ ਤੋਲੇ ਰਾਮ ਜੀ ਦੇ ਦੇਹਾਂਤ (੧੯੩੯ਈ) ਉਪਰੰਤ ਉਨ੍ਹਾਂ ਦੇ ਸ਼ਿਸ਼ ਪੰਡਿਤ ਦਵਾਰਕਾ ਦਾਸ ਜੀ ਨੇ ਬਾਬਾ ਹਰੀਵੱਲਬ ਸੰਗੀਤ ਮਹਾਂਸਭਾ ਟਰੱਸ਼ਟ ਦੀ ਸਥਾਪਨਾਂ ਕਰਕੇ ਬੜੀ ਹੀ ਸੁਹਿਰਦਤਾ ਨਾਲ ਸੰਗੀਤ ਸ਼ੰਮੇਲਨ ਜਾਰੀ ਰੱਖਣ ਦੀ ਮਹਾਨ ਪਰੰਪਰਾਂ ਨੂੰ ਹੋਰ ਅੱਗੇ ਵਧਾਇਆ।ਦਸੰਬਰ ਦੇ ਅਖੀਰ ਚ ਕਈ ਦਿਨ ਤੱਕ ਜਾਰੀ ਰਹਿਣ ਵਾਲੇ ਇਸ ਮੇਲੇ ਦਾ ਸੰਗੀਤ ਪ੍ਰੇਮੀਆਂ ਨੂੰ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ।ਇਸ ਮੌਕੇ ਨਵੇਂ ਉਭਰਦੇ ਨੌਜਵਾਨ ਕਲਾਕਾਰਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਪਰਖ ਪੜਚੋਲ ਕਰਕੇ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਭਵਿੱਖ ਵਿੱਚ ਸੰਗੀਤ ਸਾਧਨਾ ਲਈ ਉਤਸਾਹਿਤ ਤੇ ਪ੍ਰੇਰਿਤ ਕੀਤਾ ਜਾਂਦਾ ਹੈ।ਅੱਜ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਵਰਲਡ ਕਬੱਡੀ ਕੱਪ ਵਾਂਗ ਵਿਰਸੇ ਦੀ ਸੰਭਾਲ ਵਾਲੇ ਹਰੀਵੱਲਭ ਸੰਗੀਤ ਮੇਲੇ ਪ੍ਰਤੀ ਵੀ ਆਰਥਿਕ ਪੱਖੋਂ ਆਪਣੀ ਬਣਦੀ ਜੁੰਮੇਵਾਰੀ ਨਿਭਾਵੇ।ਕਿਉਂ ਜੋ ਸੰਤ ਗਾਇਕ ਸ਼੍ਰੀ ਹਰਿਵੱਲਭ ਜੀ ਵਲੋਂ ਆਰੰਭ ਇਸ ਮੇਲੇ ਦਾ ਮੁਖ ਪ੍ਰਯੋਜਨ ਪਰੰਪਰਾ,ਸੱਭਿਆਚਾਰ ਅਤੇ ਸੰਸਕ੍ਰਿਤੀ ਦੀ ਸੰਭਾਲ ਹੈ।

ਕੋ-ਆਰਡੀਨੇਟਰ, ਹਰੀ ਵ੍ਰਿਜੇਸ਼ ਕਲਚਰਲ,ਫਾਉਂਡੇਸ਼ਨ, ਏ ੬੮-ਏ,ਫਤਿਹ ਨਗਰ,
ਨਵੀ ਦਿਲੀ-੧੮ ਮੋਬਾਇਲ-੦੯੮੭੧੩-੧੨੫੪੧

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# Origin and history of the harmonium, its adoption and impact in the Indian Music tradition.

**Narinder Singh G.N.D.U.**

Music Dep. Amritsar

*"This is nothing in the world which is not the instrument of God" Hazrat Inayat Khan*

Music always existed, and there´s music everywhere, as it is based in vibration and the entire universe is no other thing that the materialization of the primal vibration. From the first creative sound which is the origin of everything, all forms derived or we can say that all that we can perceive with our senses is the material manifestation of this subtle vibration.

As we are made of the music of the creation, in a deep way probably all music is a reflection of this attempt, as music is the gift from the divinity through we can meet and merge with divinity again.

The source of all vibration is the same, but what we know about vibration is only what we can perceive through manmade instruments, we cannot recognize the source of it. Through instruments, we can perceive the music but not the creator of the music that is beyond our comprehension.

*"Akhri Nam akhri salaah.Akhri gian git gun gah.Akhri likhan bolan ban. Akhra sir sanjog vakhan.Jin eh likhe tis sir nah. Jiv phurmae tiv tiv pah.Jeta kita teta nao. Vin navei nahi ko thao"*

*"God´s Name and praises are uttered through words. God´s virtues and knowledge are sung through words.The divine hymns are uttered and recorded in letters. The destiny of a mortal, written on his forehead, is declares in letters.God, who writes the destinies, has no such letters written on His forehead. Mortals obtain that, which is ordained by God.Whatever has been created is His Name. There´s no place without God´s Name."GuruNaanak, Japji Saheb pauri 19* (2)

The trees that wave their branches in rhythm with the wind, the sound of the sea, the movements of the stars and planets, the regular alternation of morning, evening, noon, and night, our pulse, breathing and walking rhythm pattern…all is contributing to the music of nature. Every being have a voice in the Creation.

Music is in the source of life. Languages are a simplification of music, and through the music of phrases expression is coming. Words are also our musical instruments, when we sing Saints words or scriptures; we are playing with our bodies the music of God.

From the beginning of time, music was used for praying, meditation, in rituals, magic, festivals, popular dance and celebration, for entertainment of the kings, then to captive audiences, in concerts by professional musicians, etc.

According the different feelings and tastes, men had created many instruments, and through history, they increased in complexity. They have also their own evolution based in the contemporary technical advances and in the particular necessities of the local cultures.

The history of the harmonium in India is a remarkable example of how the political, economic global impact and the subsequent social change can create the rise of an instrument and its decay.

Since its introduction in India, the harmonium became very popular in despite of its foreign sound and fixed tones that make it sound very different from the classic Indian instruments. But the complaints of the harmonium opponents were covered with the sound of millions of harmoniums being played everywhere.

What is decisive, however, is its role representing the opening of the music education to all through the standardization of Indian music practice.

All of this demonstrates how the harmonium (only an instrument) is not good or bad, just functional to the political project of a specific time and place, in this case, the down of the Indian Republic and the new democratic ideals.

More than any other instrument, the harmonium incarnates the encounter between cultures, the adaptation to new times and places and the dynamic aspect of the traditions.

**The Harmonium is** a wind keyboard instrument that belongs to the free reed instruments family, close in sound and shape to the European organs. It was originally created and patented in France, in 1842 by Alexander Debain, apparently inspired by the Sheng, an ancient Chinese free reed instrument.

Free reed instruments are very old and no doubt between the earliest instruments created. **According the musicologist B. Chaitanya Deva**, the sheng of China, the *sho* of Japan, the *shaenghwang*of Korea and the *khung* of India are part of the same family or group of instruments and have a common origin. After migrated to Europe, the free reed gave origin to many new instruments (harmonium, accordion, bandoneon, harmonica, concertina, melodica, etc.)

So the origin of the free reed can be situated in Asia, where the harmonium after long time returned after its journey through Europe and America, provided with a keyboard and a western shape.

The harmonium became very popular in Europe and America as a small economic version of the big pipe organs. It also served to the needs of emotional expression of the Romantic period of music. In less of 2 centuries, the harmonium was enthusiastically welcomed by musicians and public in general, played, produced and sold in big scale in Europe and USA, reached its peak of popularity about 1890…and at the time of the First World War was **replaced by electronic instruments and had its production discontinued.**

**Today harmoniums are found only in museums and private collections, and are being produced only in India, in the hand pumping version of the instrument.**

The harmonium "returned" to Asia in the small portable pedal version used by missionaries. It was introduced by Britain by the 19th century and unlike the clavichord, harpsichord or pianos, demonstrated good resistance to travels and changes of weather, and became very soon common in British and Indian homes and theaters. In order to accommodate to the Indian parameters, it was modified by Dwarkin in 1875, date in which Indian harmoniums start to be produced in Calcutta.

In spite of the controversy created for the incorporation of a foreign instrument, the discussion about the capacity of the harmonium to play all the Indian notes, the attempts to solve the problem of the temperate keyboard, and even the open opposition (the harmonium was banned from All-India Radio from 1940 to 1971), harmonium is widely played in all India in all music styles. Its incorporation had been so complete,at the point that in the West the harmonium had been forgotten and now considered Indian.

The now called Indian harmonium is only played in western countries in the Indian diaspora communities, by the western Sikhs, the Hare Krishna community or the Osho followers, who sing religious hymns (bhajans or

shabads) with its accompaniment, and is not being considered a western instrument anymore.

The Indian harmonium is used so extensively, in classical, light, film or folk music that is probably the most commonly used instrument in northern India. It has assumed a central role as an accompanying instrument. In his work “Accompaniment for Hindustani Classical music” Deshpande asked what is the function of an accompaniment instrument, and in his answer he states that the Harmonium is the accompaniment instrument for excellence.

He wrote “I submit it is to create a musical atmosphere, and inspire the artist by bringing him into his best singing mood. Further, the accompaniment instrument must keep the continuity of singing to heighten the musicality of performance and make it more attractive, more entertaining and in effect more pleasing… Harmonium by its powerful, constant and sustained notes not only abundantly satisfies all this requirements but soloist them in a far greater degree than any of the stringed instruments like sarangi, violin, dilruba, etc. The sound of the Harmonium is so overwhelming and pleasing, both to performers and the audience, that it gives it a decisive advantage over all accompaniment instruments. The advantage is so great that it alone is enough to overcome all its defects whether imaginary or real. (3)

The current version of the Harmonium is capable of providing a whole range of tonal excellence which is rare in other instruments. A top quality harmonium has two, three and even four sets of reeds. The instrument covers three to four "octaves," encompassing sub-bass, bass, medium and high. The instrument is larger and has built-in devices to filter the air through two compartments. The merit of this arrangement is that when the air is blown into it, it does not strike the reeds aggressively. From the airtight compartments, the wind emerges softly through the reeds when a key is pressed. In earlier days, the instrument was equipped with only a single piece reed board. This made the sound strident and harsh. Present-day harmoniums have three reed boards joined together with the provision for air-release in a zigzag fashion, ensuring softness of tone and melody. The manufacturers are still looking for a better sound experimenting with free reeds in different settings.

It is an instrument that is convenient to handle and its playing technique is not as difficult as most instruments such as the *sarangi*, the *sitar*, the *veena* and the violin. Not special care is needed to tune it; indeed, one just plays it as it is. It´s loud sound permit to play it in the open air and this quality is especially very appreciated in kirtan or devotional music, in big gatherings where it doesn't even need sound amplification. These factors have made the harmonium very popular.

# ਹਰਗੁਨਾ ਗੁਰਮਤਿ ਸੰਗੀਤ ਟਕਸਾਲ ਦੀ ਪੁਨਰ ਸੁਰਜੀਤੀ

ਗੁਰਨਾਮ ਸਿੰਘ (ਡਾ.)*

ਸਿੱਖ ਧਰਮ ਦੇ ਆਰੰਭ ਤੋਂ ਹੀ ਇਲਾਹੀ ਬਾਣੀ ਦੇ ਰੂਹਾਨੀ ਸੰਦੇਸ਼ ਨੂੰ ਸਰਬ ਲੋਕਾਈ ਤੱਕ ਪਹੁੰਚਾਉਣ ਲਈ ਵਿਸ਼ੇਸ਼ ਯਤਨ ਆਰੰਭੇ ਗਏ। ਗੁਰੂ ਨਾਨਕ ਦੇਵ ਜੀ ਦੁਆਰਾ ਉਦਾਸੀ ਦੀ ਰੀਤ ਅਤੇ 'ਘਰਿ ਘਰਿ ਅੰਦਰਿ ਧਰਮਸਾਲ' ਇਨ੍ਹਾਂ ਯਤਨਾਂ ਦਾ ਆਗਾਜ਼ ਸੀ। ਉਪਰੰਤ ਗੁਰੂ ਅਮਰਦਾਸ ਜੀ ਦੁਆਰਾ ਮੰਜੀਆਂ ਦੀ ਸਥਾਪਨਾ ਅਤੇ ਚੌਥੇ ਸਤਿਗੁਰ ਤੋਂ ਦਸਮ ਪਾਤਸ਼ਾਹ ਤੱਕ ਮਸੰਦ ਪਰੰਪਰਾ ਦੁਆਰਾ ਗੁਰ ਸ਼ਬਦ ਸੁਨੇਹੇ ਦੇ ਸੰਚਾਰ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਰਹੇ। ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰ ਅਸਥਾਨ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਚੱਕ ਰਾਮਦਾਸਪੁਰਾ, ਕੀਰਤਪੁਰ, ਅਨੰਦਪੁਰ ਸਾਹਿਬ ਅਤੇ ਦਮਦਮਾ ਸਾਹਿਬ ਆਦਿ ਸਿੱਖ ਪਰੰਪਰਾਵਾਂ ਦੇ ਪ੍ਰਮੁੱਖ ਪ੍ਰਚਾਰ ਕੇਂਦਰ ਰਹੇ। ਮਸੰਦ ਪਰੰਪਰਾ ਵਿਚ ਆਈਆਂ ਕੁਰੀਤੀਆਂ ਉਪਰੰਤ ਦਸਮ ਪਾਤਸ਼ਾਹ ਨੇ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਤੋਂ ਟਕਸਾਲ ਪਰੰਪਰਾ ਦਾ ਆਰੰਭ ਕੀਤਾ। ਪ੍ਰਚਾਰ ਅਧੀਨ ਆਈਆਂ ਇਹ ਭਿੰਨ-ਭਿੰਨ ਟਕਸਾਲਾਂ ਸਿੱਖੀ ਦੀਆਂ ਪ੍ਰਚਾਰਕ ਸ਼ਖਸੀਅਤਾਂ ਦੀ ਘਾੜ੍ਹਤ ਘੜਣ ਵਾਲੀਆਂ ਪਾਠਸ਼ਾਲਾਵਾਂ ਅਤੇ ਵਿਦਿਆਲਿਆਂ ਦੇ ਰੂਪ ਵਿਚ ਪ੍ਰਗਟ ਹੋਈਆਂ। ਇਸ ਘਾੜ੍ਹਤ ਵਿਚ ਗੁਰ ਸ਼ਬਦ, ਗੁਰ ਇਤਿਹਾਸ ਅਤੇ ਗੁਰੂ ਦੇ ਸੰਗੀਤ ਗੁਰਮਤਿ ਸੰਗੀਤ ਦੀ ਬਹੁਪੱਖੀ ਸਿਖਲਾਈ ਦਿਤੀ ਜਾਂਦੀ ਰਹੀ ਅਤੇ ਸਿਖਿਆਰਥੀਆਂ ਨੂੰ ਇਕ ਖਾਸ ਗੁਰਮਤਿ ਅਨੁਸਾਰੀ ਮਾਹੌਲ ਵਿਚ ਵਰ੍ਹਿਆਂ ਬੱਧੀ ਰੱਖ ਕੇ ਪਰਿਪੱਕ, ਪੂਰਨ ਤੇ ਆਦਰਸ਼ਕ ਬਣਾਉਣ ਦੇ ਯਤਨ ਹੁੰਦੇ ਰਹੇ। ਇਨ੍ਹਾਂ ਟਕਸਾਲਾਂ ਵਿਚੋਂ ਗੁਰਮਤਿ ਸੰਗੀਤ ਦੀ ਹਰਗੁਨਾ ਟਕਸਾਲ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹੋਈ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਪਾਵਨ ਧਰਤੀ ਗੁਰਦੁਆਰਾ ਫਤਿਹਗੜ੍ਹ ਸਾਹਿਬ ਨੇੜੇ ਲਗਭਗ 16 ਕਿਲੋਮੀਟਰ ਦੂਰ ਹਰਗਨਾ ਸਥਿਤ ਹੈ। ਇਸ ਪਿੰਡ ਵਿਚ ਤਲਵੰਡੀ ਘਰਾਣੇ ਦੇ ਉਸਤਾਦ ਭਾਈ ਸੰਪੂਰਣ ਸਿੰਘ ਨੇ ਟਕਸਾਲ ਸਥਾਪਤ ਕਰਕੇ ਸੰਗੀਤ ਜਗਤ ਨੂੰ ਅਜਿਹੇ ਮਹਾਨ ਸੰਗੀਤਕਾਰ ਪ੍ਰਦਾਨ ਕੀਤੇ ਜਿੰਨ੍ਹਾ ਖ਼ੁਦ ਸੰਗੀਤ ਇਤਿਹਾਸ ਵਿਚ ਵਿਸ਼ੇਸ਼ ਨਾਮਣਾ ਖੱਟਿਆ ਅਤੇ ਉਨ੍ਹਾਂ ਦਾ ਸ਼ਿਸ਼ ਮੰਡਲ ਸੰਗੀਤ ਜਗਤ ਵਿਚ ਨਿਰੰਤਰ ਕਾਰਜਸ਼ੀਲ ਹੈ। ਉਸਤਾਦ ਸੰਪੂਰਣ ਸਿੰਘ ਨੇ ਤਲਵੰਡੀ ਘਰਾਣੇ ਦੇ 19ਵੀਂ ਸਦੀ ਵਿੱਚ ਹੋਏ ਪ੍ਰਮੁੱਖ ਉਸਤਾਦ ਗਾਇਕ ਭਾਈ ਉੱਤਮ ਸਿੰਘ ਜੀ ਤੋਂ ਪਰਾਪਤ ਕੀਤੀ ਜਿਨ੍ਹਾਂ ਕੋਲ ਤਲਵੰਡੀ ਘਰਾਣੇ ਦਾ ਧਰੁਪਦ ਅਤੇ ਦਿਲੀ ਘਰਾਣੇ ਦੇ ਉਸਤਾਦ ਤਾਨਰਸ

ਖਾਂ ਦੀ ਤਾਲੀਮ ਦਾ ਬੇਮਿਸਾਲ ਖਜ਼ਾਨਾ ਮੌਜੂਦ ਸੀ। ਇਸ ਤੋਂ ਇਲਾਵਾ ਆਪ ਕੋਲ ਗੁਰਮਤਿ ਸੰਗੀਤ ਦੀ ਸੀਨਾ-ਬ- ਸੀਨਾ ਰਚਨਾਵਾਂ ਦਾ ਭੰਡਾਰ ਵੀ ਮੌਜੂਦ ਸੀ। ਕਿਹਾ ਜਾਂਦਾ ਹੈ ਕਿ ਉਸਤਾਦ ਸੰਪੂਰਣ ਸਿੰਘ ਕੋਲ ਆਪਣੇ ਉਸਤਾਦ ਜੀ ਅਤੇ ਦਿੱਲੀ ਦੇ ਘਰਾਣੇ ਦੇ ਉਸਤਾਦ ਤਾਨਰਸ ਖਾਂ ਦੀ ਤਾਲੀਮ ਦਾ ਬੇਮਿਸਾਲ ਖਜ਼ਾਨਾ ਮੌਜੂਦ ਸੀ। ਇਸ ਤੋਂ ਇਲਾਵਾ ਆਪ ਕੋਲ ਗੁਰਮਤਿ ਸੰਗੀਤ ਦੀਆਂ ਸੀਨਾ-ਬ-ਸੀਨਾ ਰਚਨਾਵਾਂ ਦਾ ਭੰਡਾਰ ਵੀ ਮੌਜੂਦ ਸੀ ਜਿਸ ਨਾਲ ਉਨ੍ਹਾਂ ਸਿੱਖ ਜਗਤ ਦੇ ਸੰਗੀਤਕਾਰਾਂ ਨੂੰ ਵਿਸ਼ੇਸ਼ ਰੂਪ ਵਿਚ ਮਾਲਾਮਾਲ ਕੀਤਾ।

ਹਰਗੁਨਾ ਵਿਖੇ ਉਸਤਾਦ ਸੰਪੂਰਣ ਸਿੰਘ ਇਸ ਇਲਾਕੇ ਦੇ ਹੋਣਹਾਰ ਪੇਂਡੂ ਗਰੀਬ ਵਿਦਿਆਰਥੀਆਂ ਨੂੰ ਆਪ ਕੋਲ ਰੱਖ ਕੇ ਗੁਰਬਾਣੀ, ਗੁਰਮਤਿ ਸੰਗੀਤ, ਸ਼ਾਸਤਰੀ ਗਾਇਨ, ਤੰਤੀ ਸਾਜ਼, ਤਬਲਾ ਅਤੇ ਜੋੜੀ ਵਾਦਨ ਦੀ ਸਿੱਖਿਆ ਦਿਤੀ। ਹੋਰ ਅਨੇਕ ਸ਼ਗਿਰਦਾਂ ਤੋਂ ਇਲਾਵਾ ਆਪ ਦੇ ਤਿੰਨ ਸ਼ਗਿਰਦਾਂ ਦੀ ਤ੍ਰੈ-ਮੂਰਤੀ ਸੰਗੀਤ ਜਗਤ ਵਿਚ ਵਧੇਰੇ ਪ੍ਰਸਿੱਧ ਹੋਈ। ਇਹ ਸੰਗੀਤਕਾਰ ਸਨ : ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ, ਪੰਜਾਬ ਦੇ ਸੰਗੀਤਕਾਰ - ਸੰਗੀਤ ਨਿਰਦੇਸ਼ਕ ਉਸਤਾਦ ਜਸਵੰਤ ਸਿੰਘ ਭੰਵਰਾ ਅਤੇ ਉਸਤਾਦ ਵਾਦਕ ਸਾਗਰ ਮਸਤਾਨਾ ਜੀ। ਇਨਾਂ ਤਿੰਨੇ ਸੰਗੀਤਕਾਰਾਂ ਨੇ ਆਪਣੀ ਸਾਧਨਾ ਦੁਆਰਾ ਸੰਗੀਤ ਜਗਤ ਨੂੰ ਇਕ ਵਿਸ਼ਾਲ ਸ਼ਿਸ਼ ਮੰਡਲ ਦੇ ਕੇ ਹਰਗੁਨਾ ਟਕਸਾਲ ਨੂੰ ਸਦਾ ਲਈ ਅਮਰ ਕਰ ਦਿਤਾ।

ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ (1919-1988) ਨੇ ਪੰਜਾਬ ਵਿਚ ਅਕਾਦਮਿਕ ਰੂਪ ਵਿਚ ਸੰਗੀਤ ਵਿਸ਼ੇ ਨੂੰ ਸਥਾਪਿਤ ਕੀਤਾ ਅਤੇ ਗੁਰਮਤਿ ਸੰਗੀਤ ਨੂੰ ਇਕ ਵੱਖਰੀ ਪਰੰਪਰਾ ਵਜੋਂ ਪਛਾਣਨ ਲਈ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਆਪਣੀਆਂ ਸੰਗੀਤ ਲਿਖਤਾਂ ਦੁਆਰਾ ਆਰੰਭ ਕੀਤਾ। ਆਪ 1971 ਤਕ ਸਰਕਾਰੀ ਕਾਲਜ ਵੂਮੈਨ, ਪਟਿਆਲਾ ਵਿਖੇ ਸੰਗੀਤ ਵਿਭਾਗ ਦੇ ਮੁਖੀ ਰਹੇ। ਸੰਗੀਤ ਸਬੰਧੀ ਪੰਜਾਬੀ ਭਾਸ਼ਾ ਵਿਚ ਪੁਸਤਕਾਂ ਦਾ ਆਰੰਭ ਵੀ ਆਪ ਦੁਆਰਾ ਹੀ ਹੋਇਆ। ਪੰਜਾਬ ਵਿਚ ਸੰਗੀਤ ਵਿਸ਼ੇ ਦੇ ਅਨੇਕ ਅਧਿਆਪਕ ਆਪ ਕੋਲ ਸੰਗੀਤ ਦੀ ਤਾਲੀਮ ਲੈ ਕੇ ਇਸ ਵਿਸ਼ੇ ਦੇ ਪ੍ਰਚਾਰ ਪ੍ਰਸਾਰ ਵਿਚ ਯੋਗਦਾਨ ਪਾ ਰਹੇ ਹਨ। ਆਪ ਦਾ ਸਭ ਤੋਂ ਵਡੇਰਾ ਯੋਗਦਾਨ ਸੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਸਬੰਧੀ ਖੋਜ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਨਿਰਧਾਰਤ ਰਾਗਾਂ ਤੇ ਬਾਣੀ ਦੇ ਸੰਗੀਤ ਵਿਧਾਨ ਅਨੁਸਾਰ ਸੁਰਲਿਪੀ ਬੱਧ ਕਰਨਾ ਹੈ। ਆਪਦੀਆਂ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ ਤੋਂ ਬਿਨਾਂ ਲਗਪਗ ਸਾਰੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀ ਬਾਣੀ ਨੂੰ ਆਪ ਨੇ ਵੱਖੋ-ਵੱਖਰੀਆਂ ਪੁਸਤਕਾਂ ਵਿਚ ਸੁਰਲਿਪੀਬੱਧ ਕੀਤਾ ਹੈ। ਸੰਗੀਤ ਜਗਤ ਵਿਚ ਆਪ ਦੀ ਸੋਚ ਨੂੰ ਸਾਕਾਰ ਕਰਦਿਆਂ ਲੇਖਕ (ਡਾ. ਗੁਰਨਾਮ ਸਿੰਘ) ਤੇ ਹੋਰ ਸ਼ਿਸ਼ ਮੰਡਲ ਦੇ ਸਹਿਯੋਗ ਨਾਲ ਇਸ ਵੇਲੇ ਗੁਰਮਤਿ ਸੰਗੀਤ ਦਾ ਵਿਸ਼ਾ ਪੰਜਾਬੀ ਯੂਨੀਵਰਸਿਟੀ ਵਿਚ ਲਾਗੂ ਹੋ ਚੁੱਕਾ ਹੈ ਅਤੇ ਨਾਲ ਹੀ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਤੇ ਗੁਰਮਤਿ ਸੰਗੀਤ ਭਵਨ ਸਮੂਰਤ ਹੋ ਚੁੱਕਾ ਹੈ। ਆਪ ਦੇ ਪ੍ਰਮੁੱਖ ਸ਼ਿਸ਼ਾਂ ਵਿਚੋਂ ਲੇਖਕ ਡਾ. ਗੁਰਨਾਮ ਸਿੰਘ, ਡਾ. ਬਚਿੱਤਰ

ਸਿੰਘ, ਸ੍ਰੀ ਕੇਸਰਨਾਥ ਕੇਸਰ. ਡਾ. ਨਿਵੇਦਿਤਾ ਸਿੰਘ, ਸ. ਜਬਰਜੰਗ ਸਿੰਘ, ਡਾ. ਜਸਬੀਰ ਕੌਰ, ਡਾ. ਸ੍ਰੀਮਤੀ ਮਾਲਾ ਕਪੂਰ, ਬੀਬੀ ਨਰਿੰਦਰ ਕੌਰ, ਡਾ. ਅਲੰਕਾਰ ਸਿੰਘ ਆਦਿ ਦੇ ਨਾਮ ਵਿਸ਼ੇਸ਼ ਹਨ।

ਉਸਤਾਦ ਜਸਵੰਤ ਸਿੰਘ ਭੰਵਰਾ ਨੇ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਆਪਣਾ ਇਕ ਵਿਸ਼ੇਸ਼ ਮੁਕਾਮ ਬਣਾਇਆ ਅਤੇ ਪੰਜਾਬੀ ਸੁਗਮ ਗਾਇਕੀ ਨੂੰ ਨਵਾਂ ਆਧਾਰ ਦਿਤਾ। ਅੱਧੀ ਸਦੀ ਤੱਕ ਪੰਜਾਬ ਵਿਚ ਬਹੁਤੇ ਗਾਇਕ ਆਪ ਦੀ ਸ਼ਾਗਿਰਦੀ, ਆਪ ਦੇ ਸੰਗੀਤ ਤੇ ਅਸੀਸ ਦੁਆਰਾ ਮਕਬੂਲ ਹੋਏ। ਵੱਖ-ਵੱਖ ਰਿਕਾਰਡਿੰਗ ਕੰਪਨੀਆਂ ਦੇ ਸੰਗੀਤ ਨਿਰਦੇਸ਼ਕ ਵਜੋਂ ਆਪ ਨੇ ਪੰਜ ਦਹਾਕਿਆਂ ਤੋਂ ਵੱਧ ਕਾਰਜ ਕੀਤਾ। ਪੰਜਾਬੀ ਗਾਇਕੀ ਦੇ ਖੇਤਰ ਵਿਚ ਆਪ ਦੇ ਸ਼ਾਗਿਰਦਾਂ ਵਿਚ ਸੁਰਿੰਦਰ ਛਿੰਦਾ, ਲਾਭ ਜੰਜੂਆ, ਹਰਚਰਨ ਗਰੇਵਾਲ, ਰਜਿੰਦਰ ਰਾਜਨ, ਪਰਮਿਲਾ ਪੰਮੀ, ਮਨਮੋਹਨ ਵਾਰਿਸ ਆਦਿ ਦੇ ਨਾਮ ਪ੍ਰਮੁੱਖ ਹਨ। ਇਸੇ ਤਰ੍ਹਾਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਉਸਤਾਦ ਜਸਵੰਤ ਸਿੰਘ ਭੰਵਰਾ ਦਾ ਵਿਸ਼ੇਸ਼ ਯੋਗਦਾਨ ਹੈ। ਜਦੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਰਪਰਸਤ ਸੰਤ ਬਾਬਾ ਸੁੱਚਾ ਸਿੰਘ ਦੀ ਪਾਰਖੂ ਅੱਖ ਨੇ ਇਸ ਸੰਗੀਤ ਵਿਸ਼ੇਸ਼ਗ ਨੂੰ ਰਾਗ ਨਿਰਣਾਇਕ ਕਮੇਟੀ ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ, ਰਿਕਾਰਡਿੰਗਜ਼ ਅਤੇ ਹੋਰ ਸੰਗੀਤ ਕਾਰਜਾਂ ਦੀ ਸੌਂਪਣਾ ਕੀਤੀ। ਉਸਤਾਦ ਜਸਵੰਤ ਸਿੰਘ ਭੰਵਰਾ ਨੇ ਰਾਗ ਨਿਰਣਾਇਕ ਕਮੇਟੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਖ-ਵੱਖ ਰਾਗਾਂ ਦੀਆਂ ਜਵੱਦੀ ਟਕਸਾਲ ਵਲੋਂ ਰਿਕਾਰਡਿੰਗਜ਼ ਵਿਚ ਮਹਤੱਵਪੂਰਨ ਯੋਗਦਾਨ ਪਾਇਆ। ਗੁਰਮਤਿ ਸੰਗੀਤ ਦੇ ਖੇਤਰ ਵਿਚ ਆਪ ਦੇ ਪ੍ਰਮੁੱਖ ਸ਼ਾਗਿਰਦਾਂ ਵਿਚ ਪ੍ਰੋ. ਕਰਤਾਰ ਸਿੰਘ, ਪ੍ਰੋ. ਦਰਸ਼ਨ ਸਿੰਘ, ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਨਿਰੰਜਨ ਸਿੰਘ ਜਵੱਦੀ, ਬੀਬੀ ਬਲਜੀਤ ਕੌਰ ਆਦਿ ਦੇ ਨਾਮ ਵਿਸ਼ੇਸ਼ ਹਨ।

ਹਰਗੁਨਾ ਟਕਸਾਲ ਦੇ ਤੀਸਰੇ ਪ੍ਰਮੁਖ ਸੰਗੀਤਕਾਰ ਸ੍ਰੀ ਸਾਗਰ ਮਸਤਾਨਾ ਹੋਏ ਜੋ ਗਾਇਨ ਦੇ ਨਾਲ ਜੋੜੀ ਦੇ ਪੰਜਾਬ ਬਾਜ ਦੇ ਮਾਹਰ ਸਨ। ਆਪ ਨੇ ਪੰਜਾਬ ਬਾਜ ਦੇ ਬੋਲਾਂ ਦਾ ਚਾਂਟੀ (ਛੱਟੀ) ਨਾਲ ਨਿਕਾਸ ਤੇ ਵਾਦਨ ਕਰਕੇ ਇਕ ਨਵੀਨ ਵਾਦਨ ਸ਼ੈਲੀ ਨੂੰ ਪ੍ਰਚਲਿਤ ਕੀਤਾ। ਗਾਇਨ ਦੇ ਖੇਤਰ ਵਿਚ ਪ੍ਰਸਿੱਧ ਗਾਇਕ ਸਵ. ਗਮਦੂਰ ਅਲੀ, ਸਰਦੂਲ ਸਿਕੰਦਰ ਅਤੇ ਭਰਪੂਰ ਅਲੀ ਤੋਂ ਇਲਾਵਾ ਆਪ ਦੇ ਖਾਨਦਾਨ ਦੇ ਅਨੇਕ ਗਾਇਕ ਸੰਗੀਤ ਅਤੇ ਕੀਰਤਨ ਦੇ ਖੇਤਰ ਵਿਚ ਨਾਮਣਾ ਖੱਟ ਰਹੇ ਹਨ। ਸਰਦੂਲ ਸਿਕੰਦਰ ਨੇ ਗਾਇਕੀ ਦੁਆਰਾ ਅਤੇ ਭਰਪੂਰ ਅਲੀ ਨੇ ਆਪਣੇ ਜੋੜੀ ਦੀ ਵਿਸ਼ੇਸ਼ ਵਾਦਨ ਪਰੰਪਰਾ ਨੂੰ ਬਾਖੂਬੀ ਸੰਭਾਲਿਆ ਹੈ।

ਹਰਗੁਨਾ ਟਕਸਾਲ ਉਕਤ ਤਿੰਨ ਪ੍ਰਮੁੱਖ ਸੰਗੀਤਕਾਰਾਂ ਤੋਂ ਇਲਾਵਾ ਉਸਤਾਦ ਸੰਪੂਰਣ ਸਿੰਘ ਦੀ ਸੰਗੀਤ ਛੋਹ ਦੁਆਰਾ ਅਨੇਕ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਸੇਵਾ ਕੀਤੀ ਜਿਨ੍ਹਾਂ ਵਿਚੋਂ ਜਸਵੰਤ ਸਿੰਘ, ਲੁਧਿਆਣਾ; ਧੰਨਾ ਸਿੰਘ, ਭਾਈ ਮਹਿੰਦਰ ਸਿੰਘ; ਛੋਟੀਆਂ ਬਾਰਾਂ; ਭਾਈ ਸੋਹਣ ਸਿੰਘ, ਲੁਧਿਆਣਾ; ਭਾਈ ਅਜੀਤ ਸਿੰਘ 'ਸੂਰਮਾ ਰਾਗੀ' ਅਤੇ ਭਾਈ ਬਲਦੇਵ ਸਿੰਘ ਫਤਹਿਗੜ੍ਹ ਸਾਹਿਬ ਆਦਿ ਪ੍ਰਮੁਖ ਹਨ।

ਸੰਗੀਤ ਜਗਤ ਵਿਚ ਹਰਗੁਨਾ ਟਕਸਾਲ ਦਾ ਨਾਮ ਇਸ ਕਰਕੇ ਵਿਸ਼ੇਸ਼ ਹੈ ਕਿਉਂ ਜੋ ਇਸ

ਟਕਸਾਲ ਦੀ ਪਨੀਰੀ ਵਿਚੋਂ ਸੰਗੀਤ ਦੀ ਇਕ ਵੱਡੀ ਫਸਲ ਤਿਆਰ ਹੋਈ ਜਿਸ ਨੇ ਦੇਸ਼ ਵਿਦੇਸ਼ ਦੇ ਸੰਗੀਤ ਖੇਤਰ ਵਿਚ ਵਡੀਆਂ ਪ੍ਰਾਪਤੀਆਂ ਕੀਤੀਆਂ। ਪਿਛਲੀ ਅੱਧੀ ਸਦੀ ਤੋਂ ਹਰਗੁਨਾ ਸਥਾਨ 'ਤੇ ਇਹ ਟਕਸਾਲ ਖਾਮੋਸ਼ ਅਤੇ ਬੰਦ ਪਈ ਸੀ। ਇਨ੍ਹਾਂ ਸਤਰਾਂ ਦੇ ਲੇਖਕ ਅਤੇ ਇਸ ਟਕਸਾਲ ਦੇ ਹੋਰ ਸ਼ਿਸ਼ ਮੰਡਲ ਸਦਾ ਇਸ ਟਕਸਾਲ ਦੀ ਪੁਨਰ ਸੁਰਜੀਤੀ ਚਾਹੁੰਦਾ ਰਿਹਾ। ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਨੇ ਗੁਰਮਤਿ ਸੰਗੀਤ ਦੀਆਂ ਅਲੋਪ ਹੋ ਰਹੀਆਂ ਟਕਸਾਲਾਂ ਦੀ ਪੁਨਰ ਸੁਰਜੀਤੀ ਨੂੰ ਆਪਣੇ ਵਿਸ਼ੇਸ਼ ਅਕਾਦਮਿਕ ਪ੍ਰੋਗਰਾਮ ਵਜੋਂ ਵਿਕਸਿਤ ਕੀਤਾ ਜਿਸ ਅਧੀਨ ਪੰਜਾਬੀ ਯੂਨੀਵਰਸਿਟੀ ਵਲੋਂ ਮਸਤੂਆਣਾ ਟਕਸਾਲ ਦੀ ਪੁਨਰ ਸੁਰਜੀਤੀ ਸਾਲ 2012 ਵਿਚ ਕੀਤੀ ਗਈ।

ਜਥੇਦਾਰ ਅਵਤਾਰ ਸਿੰਘ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੂਰਨ ਸਹਿਯੋਗ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੁਆਰਾ ਹਰਗੁਨਾ ਟਕਸਾਲ ਨੂੰ ਪੂਰਨ ਤੌਰ ਤੇ ਮੁੜ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧ ਵਿਚ 23 ਅਕਤੂਬਰ, 2013 ਨੂੰ ਹਰਗੁਨਾ ਵਿਖੇ ਪੰਜਾਬੀ ਯੂਨੀਵਰਸਿਟੀ ਵਿਖੇ ਇਕ ਵਿਸ਼ੇਸ਼ ਸੈਮੀਨਾਰ ਵੀ ਕੀਤਾ ਗਿਆ ਜਿਸ ਵਿਚ ਲੇਖਕ (ਡਾ. ਗੁਰਨਾਮ ਸਿੰਘ), ਡਾ. ਜਸਬੀਰ ਕੌਰ, ਡਾ. ਕੰਵਲਜੀਤ ਸਿੰਘ, ਸ੍ਰੀ ਸਰਦੂਲ ਸਿਕੰਦਰ, ਡਾ. ਵਰਿੰਦਰ ਕੌਰ, ਡਾ. ਜਬਰਜੰਗ ਸਿੰਘ, ਸ੍ਰੀ ਸੀਮਾ ਗਮਦੂਰ, ਸ. ਜਸਬੀਰ ਸਿੰਘ ਜਵੱਦੀ ਆਦਿ ਵਿਦਵਾਨਾਂ ਨੇ ਇਸ ਟਕਸਾਲ ਸਬੰਧੀ ਖੋਜ ਪੱਤਰ ਪ੍ਰਸਤੁਤ ਕੀਤੇ।

ਸ਼੍ਰੋਮਣੀ ਕਮੇਟੀ ਮੈਂਬਰ ਰਵਿੰਦਰ ਸਿੰਘ ਖਾਲਸਾ ਅਤੇ ਗੁਰਦੁਆਰਾ ਕਮੇਟੀ, ਹਰਗੁਨਾ ਦੇ ਪ੍ਰਧਾਨ ਜਸਪਾਲ ਸਿੰਘ ਦੀ ਅਗਵਾਈ ਵਿਚ ਸਾਰੇ ਇਲਾਕੇ ਨੇ ਇਸ ਯਤਨ ਦਾ ਭਰਪੂਰ ਸੁਆਗਤ ਕੀਤਾ ਹੈ। ਪੰਜਾਬ ਦੀ ਸੰਗੀਤ ਪਰੰਪਰਾ ਵਿਚ ਅਜੇ ਵੀ ਗੁਰਮਤਿ ਸੰਗੀਤ ਦੀਆਂ ਹੋਰ ਟਕਸਾਲਾਂ ਅਜਿਹੇ ਯਤਨਾਂ ਦੀ ਆਸ ਵਿਚ ਖਾਮੋਸ਼ ਤੇ ਅਲੋਪ ਹੋ ਰਹੀਆਂ ਹਨ ਜਿੰਨ੍ਹਾਂ ਨੂੰ ਮੁੜ ਜੀਵਤ ਤੇ ਪੁਨਰ ਸੁਰਜੀਤ ਕਰਨ ਦੀ ਲੋੜ ਹੈ ਤਾਂ ਜੋ ਇੰਨ੍ਹਾਂ ਟਕਸਾਲਾਂ ਦੁਆਰਾ ਸਿਖਾਈ ਜਾਂਦੀ ਸੰਗੀਤ ਦੀ ਵਡੇਰੀ ਵਿਰਾਸਤ ਨੂੰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੌਂਪ ਸਕੀਆਂ।

ਫੋਟੋ ਕੈਪਸ਼ਨ

| | | |
|---|---|---|
| ਫੋਟੋ 1 | : | ਉਸਤਾਦ ਸੰਪੂਰਨ ਸਿੰਘ - ਬਾਨੀ ਹਰਗੁਨਾ ਟਕਸਾਲ |
| ਫੋਟੋ 2 | : | ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ |
| ਫੋਟੋ 3 | : | ਪ੍ਰਸਿੱਧ ਸੰਗੀਤਕਾਰ ਉਸਤਾਦ ਜਸਵੰਤ ਸਿੰਘ ਭੰਵਰਾ |
| ਫੋਟੋ 4 | : | ਪ੍ਰਸਿੱਧ ਸੰਗੀਤਕਾਰ ਉਸਤਾਦ ਸਾਗਰ ਮਸਤਾਨਾ |
| ਫੋਟੋ 5 | : | ਲੇਖਕ (ਡਾ. ਗੁਰਨਾਮ ਸਿੰਘ) |

ਜਨਵਰੀ ਮਹੀਨੇ 'ਬਸੰਤ ਰਾਗ' ਦੀ ਅਰੰਭਤਾ 'ਤੇ ਵਿਸ਼ੇਸ਼:

# ਸ੍ਰੀ ਹਰਿਮੰਦਰ ਸਾਹਿਬ ਵਿਖੇ 'ਰਾਗ ਬਸੰਤ' ਦੀ ਮਰਯਾਦਾ

-ਬਿਕਰਮਜੀਤ ਸਿੰਘ*

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ 'ਸੰਗੀਤ ਪ੍ਰਬੰਧ' ਨੂੰ ਵਿਸ਼ੇਸ਼ ਮਹੱਤਵ ਦਿੱਤਾ, ਜਿਸਦੇ ਤਹਿਤ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜ਼ਿਆਦਾਤਰ ਬਾਣੀ ਨੂੰ ਰਾਗਾਤਮਕ ਪ੍ਰਬੰਧ ਹੇਠ ਸੰਪਾਦਿਤ ਕੀਤਾ।

ਗੁਰੂ ਸਾਹਿਬ ਇਸ ਗੱਲ ਤੋਂ ਭਲੀਭਾਂਤ ਜਾਣੂ ਸਨ ਕਿ ਲੋਕਾਈ ਦੇ ਮਨ ਨੂੰ ਦਾਰਸ਼ਨਿਕ ਵਿਚਾਰਾਂ ਦੀ ਸਮਝ ਸੰਗੀਤ ਦੇ ਮਾਧਿਅਮ ਰਾਹੀਂ ਜਲਦੀ ਅਤੇ ਚੰਗੀ ਤਰ੍ਹਾਂ ਆ ਸਕਦੀ ਹੈ। ਦੂਜਾ ਮਨੋਵਿਗਿਆਨਕ ਪੱਖ ਤੋਂ ਵੀ ਇਹ ਗੱਲ ਸਪੱਸ਼ਟ ਹੈ ਕਿ ਜੇਕਰ ਧਰਮ ਤੇ ਸੰਗੀਤ ਦੋਵੇਂ ਇਕੱਠੇ ਹੋ ਜਾਣ ਤਾਂ ਮਨੁੱਖ ਅੰਦਰਲੇ ਪਸ਼ੂਪੁਣੇ ਦੇ ਭਾਵਾਂ ਨੂੰ ਪਰਵਰਤਿਤ ਕਰ ਕੇ ਸਾਰਥਕ ਦਿਸ਼ਾ ਵੱਲ ਮੋੜਿਆ ਜਾ ਸਕਦਾ ਹੈ। ਇਸ ਗੱਲ ਨੂੰ ਸਾਹਮਣੇ ਰੱਖਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਵਿਸ਼ੇਸ਼ ੩੧ ਰਾਗਾਂ ਨੂੰ ਤਰਤੀਬ ਵਿਚ ਲਿਆ ਕੇ 'ਗੁਰਮਤਿ ਸੰਗੀਤ' ਦੀ ਪਰੰਪਰਾ ਨੂੰ ਅਮਰ ਕਰ ਦਿੱਤਾ।

ਇਨ੍ਹਾਂ ਰਾਗਾਂ ਦੀ ਹੀ ਵਿਸ਼ੇਸ਼ ਅਤੇ ਵਿਲੱਖਣ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਵਿਖੇ ਗਾਇਨ ਕੀਤਾ ਜਾਂਦਾ ਕੀਰਤਨ ਰਾਗਾਂ ਦੇ ਗਾਇਨ-ਕਾਲ ਅਤੇ ਰੁੱਤ (ਮੌਸਮ) ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ ਭਾਵ ਕਿ ਅੰਮ੍ਰਿਤ-ਵੇਲੇ, ਦੁਪਿਹਰ, ਰਾਤ ਅਤੇ ਮੌਸਮ ਦੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਨੂੰ ਨਿਰਧਾਰਿਤ ਅਤੇ ਨਿਰਦੇਸ਼ਿਤ ਰਾਗਾਂ ਦੇ ਆਧਾਰ 'ਤੇ 'ਹਜ਼ੂਰੀ ਰਾਗੀ ਸਿੰਘ' ਸ਼ਬਦ ਗਾਇਨ ਕਰਦੇ ਹਨ। ਜੇਕਰ ਮੌਸਮ ਨਾਲ ਸੰਬੰਧਿਤ ਰਾਗਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਵਿੱਚੋਂ ਰਾਗ 'ਮਲਾਰ' ਅਤੇ 'ਬਸੰਤ' ਦੋ ਪ੍ਰਮੁੱਖ ਰਾਗ ਹਨ। ਇਨ੍ਹਾਂ ਵਿੱਚੋਂ ਰਾਗ 'ਬਸੰਤ' ਦਾ ਸ਼੍ਰੋਮਣੀ ਸਥਾਨ ਹੈ ਅਤੇ ਇਹ ਮੌਸਮੀ ਰਾਗਾਂ ਵਿਚ ਬਹੁਤ ਹੀ ਪ੍ਰਸਿੱਧ ਰਾਗ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦੇ ਗੁਰਬਾਣੀ-ਕੀਰਤਨ ਵਿਚ 'ਬਸੰਤ' ਰਾਗ ਦੇ ਗਾਇਨ ਦਾ ਅਰੰਭ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਇਕ ਖਾਸ ਮਰਯਾਦਾ ਨਾਲ ਕੀਤਾ ਜਾਂਦਾ ਹੈ ਜੋ ਕਿ ਬਹੁਤ ਹੀ ਸ਼ਰਧਾ ਅਤੇ ਰਸਮੀ ਢੰਗ ਨਾਲ ਹੁੰਦਾ ਹੈ। ਵੈਸੇ ਤਾਂ ਸਾਰੇ ਹੀ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਚ ਰਾਗ 'ਬਸੰਤ' ਦਾ ਗਾਇਨ ਕੀਤਾ ਜਾਂਦਾ ਹੈ, ਪਰੰਤੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸਦੇ ਅਰੰਭ ਦੀ ਇਕ ਵਿਸ਼ੇਸ਼ ਅਤੇ ਵੱਖਰੀ ਮਰਯਾਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਲੱਗਭਗ ੮:੪੫ ( ਪੌਣੇ ਨੌਂ)

ਵਜੇ ਹੋ ਰਹੇ ਕੀਰਤਨ ਦੇ ਦੌਰਾਨ ਕੀਰਤਨ ਕਰ ਰਹੇ ਰਾਗੀ ਜਥੇ ਦੁਆਰਾ ਸ੍ਰੀ ਅਨੰਦ ਸਾਹਿਬ ਦੇ ਪਾਠ ਦੀਆਂ ਛੇ ਪਉੜੀਆਂ ਦੇ ਗਾਇਨ ਉਪਰੰਤ 'ਅਰਦਾਸੀ ਸਿੰਘ' ਵਿਸ਼ੇਸ਼ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਰਾਗ 'ਬਸੰਤ' ਦੀ ਅਰੰਭਤਾ ਲਈ 'ਅਰਦਾਸ' ਕਰਦਾ ਹੈ ਇਸ ਉਪਰੰਤ ਕੀਰਤਨੀ ਜਥਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੁਆਰਾ ਉਚਾਰਨ ਕੀਤਾ ਸ਼ਬਦ "ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥" ਦਾ ਗਾਇਨ ਕਰਦਾ ਹੈ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਗ 'ਬਸੰਤ' ਦੇ ਗਾਇਨ ਦੀ ਅਰੰਭਤਾ ਕੀਤੀ ਜਾਂਦੀ ਹੈ ਅਤੇ ਹਾਜ਼ਰ ਸੰਗਤ ਵਿਚ 'ਕੜਾਹ ਪ੍ਰਸ਼ਾਦ' ਦੀ ਦੇਗ ਭੋਗ ਉਪਰੰਤ ਵਰਤਾਈ ਜਾਂਦੀ ਹੈ।

ਫਿਰ ਰੋਜ਼ਾਨਾ ਦੀ ਮਰਯਾਦਾ ਵਿਚ 'ਆਸਾ ਦੀ ਵਾਰ' ਵਿਚ ਅਤੇ ਸਮਾਪਤੀ ਦੇ ਸਮੇਂ, ਹਰੇਕ ਕੀਰਤਨ-ਚੌਂਕੀ ਦੀ ਅਰੰਭਤਾ ਵਿਚ ਰਾਗੀ ਜਥੇ ਵੱਲੋਂ ਬਹੁਤ ਹੀ ਸਹਜ ਧੁਨਾਂ (ਸੁਰਾਂ) ਵਿਚ ਰਾਗ ਬਸੰਤ ਵਿਚ ਹੀ 'ਮੰਗਲਾਚਰਨ' ਅਤੇ ਫਿਰ ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਸ਼ਬਦ ਗਾਇਨ ਦੌਰਾਨ ਰਾਗੀ ਜਥੇ ਵਿਚ ਜਥੇਦਾਰ ਅਤੇ ਸਹਾਇਕ ਵੱਲੋਂ ਛੋਟੇ-ਛੋਟੇ ਅਲਾਪ ਅਤੇ ਬੋਲ ਅਲਾਪ ਕੀਤੇ ਜਾਂਦੇ ਹਨ, ਉਪਰੰਤ ਸ਼ਬਦ ਦੀ ਸਮਾਪਤੀ ਲਈ ਕੀਰਤਨੀ ਤਕਨੀਕ 'ਤਿਹਾਈ' ਲਗਾਈ ਜਾਂਦੀ ਹੈ ਫਿਰ ਸਹਾਇਕ ਉੱਚੇ ਸੁਰ ਵਿਚ ਸਲੋਕ :- "ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥" ਦਾ ਗਾਇਨ ਕਰਦਾ ਹੈ। 'ਬਸੰਤ ਕੀ ਵਾਰ' ਦੀ ਪਹਿਲੀ ਪਉੜੀ: "ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥" ਦਾ ਗਾਇਨ ਰਾਗੀ ਜਥੇ ਵੱਲੋਂ ਸਮੂਹਿਕ ਰੂਪ ਵਿਚ ਕੀਤਾ ਜਾਂਦਾ ਹੈ ਫਿਰ ਉਸੇ ਪਉੜੀ ਨੂੰ ਸਹਾਇਕ ਰਾਗੀ 'ਤਾਲ-ਰਹਿਤ' ਗਾਇਨ ਕਰਦਾ ਹੈ, ਉਪਰੰਤ ਜਥੇਦਾਰ ਕਿਸੇ 'ਮੰਗਲਾਚਰਨ' ਸਲੋਕ ਦਾ ਗਾਇਨ ਕਰ ਕੇ 'ਬਸੰਤ ਦੀ ਵਾਰ' ਦੀ ਦੂਸਰੀ ਪਉੜੀ:- "ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥" ਦਾ ਗਾਇਨ 'ਪਉੜੀ ਤਾਲ' ਵਿਚ ਕਰਦਾ ਹੈ। ਠੀਕ ਪਹਿਲੀ ਪਉੜੀ ਵਾਂਗ ਸਹਾਇਕ ਰਾਗੀ ਇਸ ਪਉੜੀ ਦਾ ਗਾਇਨ 'ਤਾਲ-ਰਹਿਤ' ਕਰਦਾ ਹੈ।

ਇਸ ਤੋਂ ਇਲਾਵਾ ਕੁਝ ਰਾਗੀ ਜਥੇ ਜੋ ਕੇਵਲ 'ਸ਼ਾਸ਼ਤਰੀ ਅੰਗ' ਦਾ ਹੀ ਕੀਰਤਨ ਕਰਦੇ ਹਨ ਉਹ ਬਸੰਤ ਦੇ ਪ੍ਰਕਾਰ ਜਿਵੇਂ ਰਾਗ 'ਬਸੰਤ', 'ਹਿੰਡੋਲ' ਆਦਿ ਰਾਗਾਂ ਵਿਚ ਸਾਰੀ ਚੌਂਕੀ ਦੌਰਾਨ ਕੀਰਤਨ ਕਰਦੇ ਹਨ। ਕੀਰਤਨ-ਚੌਂਕੀ ਦੀ ਸਮਾਪਤੀ ਦੇ ਸਮੇਂ 'ਮੰਗਲਾਚਰਨ' ਸਲੋਕ ਦਾ ਗਾਇਨ ਕਰ ਕੇ ਤੀਸਰੀ ਪਉੜੀ : "ਕਿਥਹੁ ਉਪਜੈ ਕਹ ਰਹੈ..." ਦਾ ਗਾਇਨ ਕੀਤਾ ਜਾਂਦਾ ਹੈ। ਫਿਰ ਸਲੋਕ ਦਾ ਗਾਇਨ ਕਰ ਕੇ ਸਮਾਪਤੀ ਕਰ ਦਿੱਤੀ ਜਾਂਦੀ ਹੈ।

ਇੱਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ 'ਬਸੰਤ' ਰਾਗ ਦੇ ਇਸ ਪੂਰੇ ਸਮੇਂ ਦੌਰਾਨ : "ਵਡਾ ਤੇਰਾ ਦਰਬਾਰੁ..." ਦੇ ਗਾਇਨ ਦੀ ਜਗ੍ਹਾ 'ਬਸੰਤ ਕੀ ਵਾਰ' ਦੀ ਤੀਜੀ ਪਉੜੀ ਦਾ ਗਾਇਨ ਕੀਤਾ ਜਾਂਦਾ ਹੈ।

'ਬਸੰਤ ਕੀ ਵਾਰ' ਦੇ ਇਸ ਰਾਗ ਦੀ ਮਰਯਾਦਾ 'ਹੋਲੇ-ਮਹੱਲੇ' ਤਕ ਹਰ ਰੋਜ਼ ਚੱਲਦੀ ਹੈ। 'ਹੋਲੇ-ਮਹੱਲੇ' ਦੇ ਦਿਨ 'ਆਸਾ ਦੀ ਵਾਰ' ਦੇ ਕੀਰਤਨ ਦੇ ਬਾਅਦ ਹੋਣ ਵਾਲੀ 'ਅਰਦਾਸ' ਵਿਚ 'ਬਸੰਤ

ਰਾਗ' ਦੀ ਸਮਾਪਤੀ ਹੁੰਦੀ ਹੈ। ਉਸੇ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਥੜਾ ਸਾਹਿਬ' (ਸ੍ਰੀ ਅਕਾਲ ਤਖਤ ਸਾਹਿਬ) ਵਿਖੇ ਰੋਜ਼ਾਨਾ ਹੋਣ ਵਾਲੇ ਸੁਖ-ਆਸਨ ਦੇ ਬਾਅਦ 'ਸ੍ਰੀ ਅਕਾਲ ਤਖਤ ਸਾਹਿਬ' ਦੇ ਬਰਾਂਡੇ ਵਿਚ ਵਿਸ਼ੇਸ਼ ਰੂਪ ਵਿਚ ਇਕ 'ਕੀਰਤਨ-ਦਰਬਾਰ' ਦਾ ਆਯੋਜਨ ਕੀਤਾ ਜਾਂਦਾ ਹੈ। ਜਿਸ ਵਿਚ ਰਾਗੀ ਸਿੰਘਾਂ ਦੁਆਰਾ ਕਥਾ-ਕੀਰਤਨ ਕਰਨ ਦੇ ਉਪਰੰਤ ਅਰਦਾਸੀ ਸਿੰਘ ਅਰਦਾਸ ਕਰ ਕੇ 'ਬਸੰਤ' ਰਾਗ ਨਾਲ ਸੰਬੰਧਿਤ ਸਮੁੱਚੀ ਮਰਯਾਦਾ ਨੂੰ ਸੰਪੰਨ ਕਰਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਸਮੁੱਚੀ ਕੀਰਤਨ ਪਰੰਪਰਾ ਭਾਵੇਂ ਭਾਰਤੀ ਸੰਸਕ੍ਰਿਤੀ ਦਾ ਅਨੁਸਰਣ ਕਰਦੀ ਹੈ ਪਰੰਤੂ ਇਹ ਸ਼ਾਸਤਰੀ ਸੰਗੀਤ ਦੀਆਂ ਉਨ੍ਹਾਂ ਪਰਤਾਂ ਨੂੰ ਨਹੀਂ ਅਪਣਾਉਂਦੀ ਜੋ ਮਨੁੱਖ ਵਿਚ ਚੰਚਲਤਾ ਪੈਦਾ ਕਰ ਕੇ ਉਸ ਦੇ ਪਰਮਾਰਥਕ ਮਾਰਗ ਵਿਚ ਵਿਘਨ ਪੈਦਾ ਕਰਦੀਆਂ ਹਨ। ਇੱਥੇ ਸੰਗੀਤ ਕੇਵਲ ਕਲਾ-ਪ੍ਰਦਰਸ਼ਨੀ ਜਾਂ ਮਨੋਰੰਜਨ ਦਾ ਸਾਧਨ ਨਹੀਂ ਬਲਕਿ ਪ੍ਰਭੂ-ਉਸਤਤ, ਪਰਮਾਤਮਾ ਦੀ ਉਪਮਾ ਲਈ ਉਪਯੋਗੀ ਸਾਧਨ ਹੈ, ਜੋ ਸ਼ਬਦ ਨੂੰ ਰਾਗਾਤਮਕ, ਨਾਦਮਈ ਬਣਾਉਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਇਹ ਵਿਲੱਖਣ 'ਕੀਰਤਨ-ਪਰੰਪਰਾ' ਪਰਮਾਤਮਾ ਨਾਲੋਂ ਵੱਖ ਹੋਈਆਂ ਰੂਹਾਂ ਨੂੰ ਮਿਲਾਉਣ ਅਤੇ ਟੁੱਟੀਆਂ ਹੋਈਆਂ ਸੁਰਤਾਂ ਨੂੰ ਜੋੜਨ ਅਤੇ ਮਾਨਵ-ਮਨ ਨੂੰ ਸੰਸਾਰਕ ਮੰਡਲਾਂ ਤੋਂ ਤੋੜ ਕੇ ਅਧਿਆਤਮਕ ਮੰਡਲਾਂ ਨਾਲ ਜੋੜਨ ਦਾ ਉੱਤਮ ਸਾਧਨ ਹੈ। ਇਹ ਸਾਧਨ ਜਮਾਂ ਅਤੇ ਮੌਤ ਦੇ ਡਰ ਦਾ ਅੰਤ ਕਰਨ ਅਤੇ 'ਮਨ ਨੀਵਾਂ ਮੱਤ ਉੱਚੀ) ਕਰਨ ਦਾ ਸਾਧਨ ਹੈ। ਗੁਰਮਤਿ ਦੀ ਇਹ ਮੌਲਿਕ ਪੱਧਤੀ ਆਪਣੇ ਆਪ ਵਿਚ ਇਕ ਮਿਸਾਲ ਹੈ।

***2946/7, ਬਜ਼ਾਰ ਲੁਹਾਰਾਂ, ਚੌਂਕ ਲਛਮਣਸਰ, ਸ੍ਰੀ ਅੰਮ੍ਰਿਤਸਰ। ਮੋ : 87278-00372**

*Wishing you and your Family*

**Happy New Year 2014**

***With best Compliments from a Well Wisher***

## ਸੁਰ ਲਿਪੀ

ਡਾ. ਜਬਰਜੰਗ ਸਿੰਘ

### ਰਾਗ ਭੈਰਵੀ (ਤਿੰਨ ਤਾਲ)

| | | | |
|---|---|---|---|
| ਰਾਗ | : ਭੈਰਵੀ | ਥਾਟ | : ਭੈਰਵੀ |
| ਜਾਤੀ | : ਸੰਪੂਰਣ-ਸੰਪੂਰਣ | ਗਾਇਨ ਸਮਾਂ | : ਦਿਨ ਦਾ ਪਹਿਲਾ ਪਹਿਰ |
| ਵਾਦੀ ਸੁਰ | : ਮਧਿਅਮ (ਮ) | ਸੰਵਾਦੀ ਸੁਰ | : ਸ਼ੜਜ (ਸ) |
| ਆਰੋਹ | : ਸ ਰੇ ਗੁ ਮ ਪ, ਧੁ ਨੀ ਸਂ | ਅਵਰੋਹ | : ਸਂ ਨੀ ਧੁ ਪ ਮ, ਗੁ ਰੇ ਸ |
| ਪਕੜ | : ਮ ਗੁ ਰੇ ਗੁ, ਸ ਰੇ ਸ, ਧੁ ਨੀ ਸ, ਰੇ ਸ | | |

(ਸਵਰ ਰਚਨਾ : ਡਾ. ਜਬਰਜੰਗ ਸਿੰਘ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | ਸਥਾਈ → | | | | | | | | | | | | ਪ | ਗੁ | ਮ |
| | | | | | | | | | | | | | ਕਿੰ | ਨ | ਰ |
| ਨੀ | ਧੁ | ਪ | ਪ | ਗੁ | - | ਪ | ਮ | ਗੁ | ਰੇ | ਸ | ਸ | - | ਸ | ਗੁ | ਗੁ |
| ਗੰ | S | ਧ੍ਰ | ਬ | ਗਾ | S | ਨ | ਕ | ਰੈ | S | ਗ | ਨਿ | S | ਜ | ਛੱ | ਅ |
| ਮ | - | ਮ | ਮ | ਸ | ਗੁ | ਮਪ | ਗੁਮ | ਗੁ | ਰੇ | ਸ | - | - | | | |
| ਪ | S | ਛੱ | ਰ | ਨਿ | ਰ | ਤS | ਦਿS | ਖਾ | S | ਵੈਂ | S | S | | | |
| | ਅੰਤਰਾ → | | | | | | | | | | | | ਗੁ | ਗੁ | ਮ |
| | | | | | | | | | | | | | ਝਾ | ਲ | ਰ |
| ਧੁ | - | ਨੀ | ਨੀ | ਸਂ | - | ਸਂ | ਸਂ | ਗੁਂ | ਰੇਂ | ਸਂ | - | ਨੀ | ਨੀ | ਨੀ | ਨੀ |
| ਤਾ | S | ਲ | ਮ੍ਰਿ | ਦੰ | S | ਗ | ਉ | ਪੰ | S | ਗ | S | ਰ | ਬਾ | ਬ | ਲੀ |
| ਸਂ | - | ਸਂ | ਸਂ | ਪ | ਨੀ | ਸਂਰੇਂ | ਨੀਸਂ | ਧੁ | - | ਪ | - | ਮ | ਮ | ਮ | ਮ |
| ਏ | S | ਸੁ | ਰ | ਸਾ | S | ਜS | ਮਿS | ਲਾ | S | ਵੈਂ | S | ਰ | ਬਾ | ਬ | ਲੀ |
| ਮ | - | ਮ | ਮ | ਸ | ਗੁ | ਮਪ | ਗੁਮ | ਗੁ | ਰੇ | ਸ | - | - | | | |
| ਏ | S | ਸੁ | ਰ | ਸਾ | S | ਜS | ਮਿS | ਲਾ | S | ਵੈਂ | S | S | | | |
| × | | | | 2 | | | | 0 | | | | 3 | | | |

# ਸਵੈਯਾ (ਸ੍ਰੀ ਗੁਰੂ ਗੋਬਿੰਦ ਸਿੰਘ ਜੀ)

ਯਾਤੇ ਪ੍ਰਸੰਨਿ ਭਏ ਹੈਂ ਮਹਾਂ ਮੁਨਿ ਦੇਵਨ ਕੇ ਤਪ ਮੈ ਸੁਖ ਪਾਵੈਂ॥
ਜਗ ਕਰੈ ਇਕ ਬੇਦ ਰਰੈ ਭਵਤਾਪ ਹਰੈ ਮਿਲਿ ਧਿਆਨਹਿ ਲਾਵੈਂ॥

ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈਂ॥
ਕਿੰਨਰ ਗੰਧ੍ਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ॥

ਸੰਖਨ ਕੀ ਧੁਨਿ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ॥
ਆਰਤੀ ਕੋਟ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੈ ਬਲਿ ਜਾਵੈਂ॥

ਦਾਨਤ ਦੱਛਨ ਦੈ ਕੈ ਪ੍ਰਦੱਛਨ ਭਾਲ ਮੈ ਕੁੰਕਮ ਅਛੱਤ ਲਾਵੈਂ॥
ਹੋਤ ਕੁਲਾਹਲ ਦੇਵਪੁਰੀ ਮਿਲਿ ਦੇਵਨ ਕੇ ਕੁਲਿ ਮੰਗਲਿ ਗਾਵੈਂ॥
(ਅੰਮ੍ਰਿਤ ਕੀਰਤਨ ਪੋਥੀ ਪੰਨਾ - 837)


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਮਾਤਾ ਆਗਿਆ ਕੌਰ ਜੀ



ਮਾਤਾ ਆਗਿਆ ਕੌਰ ਜੀ ਪ੍ਰਸਿੱਧ ਪੰਥ ਰਤਨ ਰਾਗੀ ਪ੍ਰੋਫੈਸਰ ਚਤਰ ਸਿੰਘ ਜੀ ਦੇ ਧਰਮ ਪਤਨੀ ਸਨ। ਇਹਨਾਂ ਦਾ ਜਨਮ ਬੰਗਾਲ (ਕਲਕੱਤਾ) ਵਿਖੇ ਪਿਤਾ ਬਰਕਤ ਸਿੰਘ ਅਤੇ ਮਾਤਾ ਮਾਇਆ ਦੇਈ ਦੇ ਘਰ ਹੋਇਆ। ਆਪ ਉੱਚੇ-ਸੁੱਚੇ ਜੀਵਨ ਕੇ ਮਾਲਕ ਅਤੇ ਗੁਰੂ ਘਰ ਦੇ ਅਨਿਨ ਸ਼ਰਧਾਲੂ ਸਨ। ਇਹਨਾਂ ਦਾ ਸੋਹਰਾ ਪਰਿਵਾਰ ਲਾਹੌਰ (ਪਾਕਿਸਤਾਨ) ਦੇ ਵਾਸੀ ਅਤੇ ਡੇਹਰਾ ਸਾਹਿਬ ਵਿਖੇ ਸਥਾਪਿਤ ਕੀਰਤਨ ਟਕਸਾਲ (ਜੋ ਹੁਣ ਪਟਿਆਲਾ ਵਖੇ "ਰਾਗੀ ਪ੍ਰੋ: ਚਤਰ ਸਿੰਘ ਗੁਰਮਤਿ ਸੰਗੀਤ ਅਕੈਡਮੀ" ਦੇ ਨਾਂ ਹੇਠ ਲਹਾਈ ਜਾ ਰਹੀ ਹੈ। ਦੇ ਬਾਨੀ ਹਨ। ਇਹਨਾਂ ਦੇ ਪਤੀ, ਸੋਹਰਾ, ਦਾਦਾ, ਉਹਨਾਂ ਦੇ ਵਡੇਰੇ ਸਾਰੇ ਹੀ ਪੀੜੀ ਦਰ ਪੀੜੀ ਪ੍ਰੰਪਰਾਗਤ ਤੰਤੀ ਸਾਜਾਂ ਨਾਲ ਗੁਰੂ ਘਰ ਵਿਖੇ ਰਾਗਮਈ ਕੀਰਤਨ ਦਰਦੇ ਸਨ। ਆਪ ਆਪਣੀ ਸੱਸ ਮਾਤਾ ਸਰਦਾਰਨੀ ਬਸੰਤ ਕੌਰ ਨਾਲ ਨਿਤਾਪ੍ਰਤੀ ਡੇਹਰਾ ਸਾਹਿਬ ਜਾਂਦੇ ਅਤੇ ਗੁਰੂ ਘਰ ਦੀ ਸੇਵਾ ਕਰਦੇ ਸਨ। ਇਹਨਾਂ ਦੇ ਸੋਹਰੇ ਘਰ ਦੇ ਨੇੜੇ ਲਾਹੌਰ ਚੂਨਾ ਮੰਡੀ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਸੀ। ਆਪ ਜੀ ਉਸ ਅਸਥਾਨ 'ਤੇ ਵੀ ਜਾਂਦੇ ਅਤੇ ਗੁਰੂ ਘਰ ਦੀ ਸੇਵਾ ਕਰਦੇ। ਇਹਨਾਂ ਦੇ ਪਤੀ ਰਾਗੀ ਪ੍ਰੋਫੈਸਰ ਚਤਰ ਸਿੰਘ ਜੀ ਤੰਤੀ ਸਾਜ ਸਾਰੰਦਾ, ਸਿਤਾਰ, ਦਿਲਰੁਬਾ, ਕਛੂਆ ਅਚਲ ਠਾਠ, ਵਚਿੱਤਰ ਵੀਣਾ, ਹਵਾਇਨ ਜੈਥਨ, ਜਲਤਰੰਗ, ਜੈਜੋਫੋਨ, ਸੁਰ ਬਹਾਰ, ਰਬਾਬ, ਇਸਰਾਜ, ਵਾਇਲਨ ਆਦਿ ਸਾਜਾਂ ਨਾਲ ਕੀਰਤਨ ਕਰਦੇ ਸਨ।

ਵੰਡ ਮਗਰੋਂ ਆਪ ਪਟਿਆਲਾ ਵਿਖੇ ਵੀ ਆਪਣੇ ਨਿਯਮ ਅਨੁਸਾਰ ਗੁਰੂ ਘਰ ਜਾਂਦੇ ਅਤੇ ਕੀਰਤਨ ਕਰਦੇ। ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਆਪ ਪੂਰੀ ਸ਼ਰਦਾ-ਭਾਵਨਾ ਨਾਲ ਕਰਿਆ ਕਰਦੇ ਸਨ। ਮਾਤਾ ਜੀ ਨੇ ਆਪਣੇ ਸਪੁੱਤਰ ਲਾਲ ਸਿੰਘ, ਨੌਨਿਹਾਲ ਸਿੰਘ, ਹਰਚਰਨ ਸਿੰਘ, ਜਬਰਜੰਗ ਸਿੰਘ, ਮਨਮੋਹਨ ਸਿੰਘ ਅਤੇ ਕ੍ਰਿਪਾਲ ਸਿੰਘ ਨੂੰ ਆਪਣੇ ਕੀਰਤਨ ਘਰਾਣੇ ਦੇ ਵਿਰਸੇ "ਗੁਰੂ ਕੇ ਕੀਰਤਨ" ਨਾਲ ਜੋੜਿਆ।

ਸਮੁੱਚਾ ਜੀਵਨ ਮਾਤਾ ਜੀ ਗੁਰੂ ਮਰਿਯਾਦਾ ਅਨੁਸਾਰ ਗੁਰਬਾਣੀ ਪੜ੍ਹਨ ਅਤੇ ਨਿਤਨੇਮ ਦੇ ਪੱਕੇ ਰਹੇ ਅਤੇ ਆਪਣੇ ਬੱਚਿਆਂ ਨੂੰ ਵੀ ਇਸ ਨਾਲ ਜੋੜਿਆ। ਮਾਤਾ ਜੀ ਗੁਰੂ ਨਾਨਕ ਦੇਵ ਜੀ ਦੀ ਦੱਸੀ ਪੂਰਨਮਾਸ਼ੀ ਦੀ ਮਰਿਯਾਦਾ ਦਾ ਪਾਲਣ ਆਪਣੇ ਅੰਤਲੇ ਸਮੇਂ ਤੱਕ ਕਰਦੇ ਰਹੇ। ਮਾਤਾ ਜੀ ਹਰ ਰੋਜ਼ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਗੁਰੂ ਘਰ ਆਈਆਂ ਸੰਗਤਾਂ ਦੇ ਜੋੜੇ ਝਾੜਦੇ ਸਨ ਪਰ ਜਦੋਂ ਉਹ ਆਪਣੀ ਸ਼ਰੀਰਕ ਨਿਰਬਲਤਾ ਕਾਰਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਜਾਣ ਤੋਂ ਅਸਮਰੱਥ ਸਨ ਤਾਂ ਉਹ ਆਪਣੇ ਗ੍ਰਹਿ ਵਿਖੇ ਚਲਾਈ ਜਾ ਰਹੀ "ਰਾਗੀ ਪ੍ਰੋ: ਚਤਰ ਸਿੰਘ ਸੰਗੀਤ ਅਕੈਡਮੀ" ਵਿਖੇ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਆਉਂਦੇ ਵਿਦਿਆਰਥੀਆਂ ਦੇ ਜੋੜੇ ਝਾੜਨ ਦੀ ਸੇਵਾ ਆਪਣੇ ਅੰਤਲੇ ਸਮੇਂ ਤੱਕ ਕਰਦੇ ਰਹੇ।

ਆਪਣੀ ਪੀੜੀ ਦਰ ਪੀੜੀ ਚਲਦੀ ਆ ਰਹੀ ਪ੍ਰਥਾ ਨੂੰ ਕਾਇਮ ਰੱਖਦਿਆਂ ਉਹਨਾਂ ਆਪਣੇ ਪੋਤਰੇ ਰਣਬੀਰ ਸਿੰਘ, ਰਣਜੀਤ ਸਿੰਘ, ਸਿਮਰਨਪਾਲ ਸਿੰਘ ਤੇ ਗੁਰਨਦਰ ਸਿੰਘ ਨੂੰ ਜੱਥੇ ਦੇ ਰੂਪ ਵਿਚ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ ਜਿਸ ਸਦਕਾ ਇਹ ਚਾਰੇ ਭਰਾ ਆਪਣੇ ਵਿਰਸੇ ਨੂੰ ਕਾਇਮ ਰੱਖਦੇ ਹੋਏ ਤੰਤੀ ਸਾਜ ਨਾਲ ਜੱਥੇ ਦੇ ਰੂਪ ਵਿਚ ਕੀਰਤਨ ਕਰ ਰਹੇ ਹਨ। ਵੱਡੀ ਪੀੜ੍ਹੀ ਦੇ ਮਾਲਕ ਮਾਤਾ ਆਗਿਆ ਕੌਰ ਜੀ ਦੇ ਪੁੱਤਰ, ਪੋਤਰੇ, ਪੜਪੋਤਰੇ, ਨਕੜ ਪੋਤਰੇ ਅਤੇ ਇਯੇ ਤਰ੍ਹਾਂ ਉਹਨਾਂ ਦੇ ਦਾਮਾਦ, ਦੋਤਰੇ, ਪੜਦੋਤਰੇ ਅਤੇ ਨਕੜ ਦੋਤਰੇ ਵੀ ਦੇਸ਼ ਵਿਦੇਸ਼ ਵਿਖੇ ਕੀਰਤਨ ਦੀ ਸੇਵਾ ਕਰ ਰਹੇ ਹਨ।

ਆਪ ਜੀ 90 ਸਾਲ ਦੀ ਉਮਰ ਭੋਗ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ (ਪੂਰਨਮਾਸ਼ੀ) ਵਾਲੇ ਦਿਨ ਮਿਤੀ 17.11.2013 ਨੂੰ ਪ੍ਰਲੋਕ ਗਵਨ ਕਰ ਗਏ ਹਨ।

ਮਾਤਾ ਆਗਿਆ ਕੌਰ ਜੀ ਦੇ ਭੋਗ ਸਮੇਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸਥਾਪਿਤ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਵਿਭਾਗ ਦੇ ਮੁੱਖੀ ਡਾ. ਗੁਰਨਾਮ ਸਿੰਘ ਜੀ ਨੇ ਆਪਣੇ ਜੱਥੇ ਸਮੇਤ ਪ੍ਰੰਪਰਾਗਤ ਤੰਤੀ ਸਾਜਾਂ ਨਾਲ ਵੈਰਾਗਮਈ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਜਿਸਦੀ ਦੇਸ਼ ਵਿਦੇਸ਼ ਤੋਂ ਸ਼ਾਮਲ ਹੋਈਆਂ ਸੰਗਤਾਂ ਨੇ ਭਰਪੂਰ ਸ਼ਲਾਘਾ ਕੀਤੀ।

Postal Regd. No. G/CHD /0045/2012-14 RNI Regd. No. 46788/89 ISSN 0972-2335

## ਗੁਰਮਤਿ ਸੰਗੀਤ ਅਕੈਡਮੀ ਦਾ ੧੫ ਵਾਂ ਸਥਾਪਨਾ ਦਿਵਸ



ਗੁਰਮਤਿ ਸੰਗੀਤ ਅਕੈਡਮੀ ਸ਼੍ਰੀ ਅਨੰਦਪੁਰ ਸਾਹਿਬ ਦੇ ੧੫ ਵੇਂ ਸਥਾਪਨਾ ਦਿਵਸ ਤਖ਼ਤ ਸ੍ਰੀ ਕੇਸਗੜ ਸਾਹਿਬ ਦੀ ਛੱਤਰ ਛਾਇਆ ਹੇਠ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਤੇ ਗੁਰਮਤਿ ਸੰਗੀਤ ਅਕੈਡਮੀ ਤੋਂ ਕੀਰਤਨ ਸਿਖਲਾਈ ਪ੍ਰਾਪਤ ਕਰ ਚੁੱਕੇ ਵਿੱਦਿਆਰਥੀਆਂ ਵੱਲੋਂ ਅਯੋਜਿਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਤੇ ਸੈਮੀਨਾਰ ਕਰਵਾਏ ਗਏ। ਮਿਤੀ ੧੭-੧੨-੧੩ ਨੂੰ ਸਵੇਰੇ ੧੧ ਵਜੇ ਸੈਮੀਨਾਰ ਦੀ ਅਰੰਭਤਾ ਦੀ ਅਰਦਾਸ ਗਿਆਨੀ ਸੁਖਵਿੰਦਰ ਸਿੰਘ ਜੀ ਹੈਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਨੇ ਕੀਤੀ, ਪ੍ਰੋ. ਅਰਸ਼ਪ੍ਰੀਤ ਸਿੰਘ ਪਟਿਆਲਾ ਨੇ ਤਾਊਸ ਸਾਜ ਦਾ ਵਾਦਨ ਦੇ ਨਾਲ ਸੈਸ਼ਨ ਦੀ ਅਰੰਭਤਾ ਕੀਤੀ ਗਈ, ਪ੍ਰਿੰਸੀਪਲ ਸੁਰਿੰਦਰ ਸਿੰਘ ਜੀ ਨੇ ਆਪਣੇ ਵੀਚਾਰ ਪ੍ਰਗਟ ਕਰਦੇ ਹੋਇਆ ਧਰਮ ਪ੍ਰਚਾਰ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਨਿਵੇਕਲੀ ਅਕੈਡਮੀ ਦੀ ਭਰਪੂਰ ਸ਼ਲਾਘਾ ਕੀਤੀ। ਡਾ . ਗੁਰਨਾਮ ਸਿੰਘ ਜੀ ਮੁਖੀ ਗੁਰਮਤਿ ਸੰਗੀਤ ਚੇਅਰ ਪੰਜਾਬੀ ਯੂਨੀਵਰਸਿਟੀ ਜੀ ਤੇ ਪ੍ਰੋ. ਕਰਤਾਰ ਸਿੰਘ ਜੀ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਤੇ ਡਾ. ਕਵਲਜੀਤ ਸਿੰਘ ਪੰਜਾਬੀ ਯੂਨੀਵਰਸਿਟੀ ਨੇ ਗੁਰਮਤਿ ਸੰਗੀਤ ਦੀ ਪੁਨਰ ਸਥਾਪਨਾ ਤੇ ਕੀਤਰਨ ਚੌਕੀਆਂ ਕੀਰਤਨ ਵਿੱਚ ਮੰਗਲਾਵਰਨ, ਰਾਗਾਂ ਦੇ ਸਰੂਪ ਤੇ ਗਾਇਨ ਸ਼ੈਲੀਆਂ ਦੇ ਵਿਸ਼ੇ ਤੇ ਰਾਗੀ ਜੱਥਿਆਂ, ਵਿਦਿਆਰਥੀਆਂ ਤੇ ਸੰਗਤਾਂ ਨੂੰ ਬਹੁਤ ਹੀ ਖੋਜ ਭਰਪੂਰ ਜਾਣਕਾਰੀ ਦਿੱਤੀ ਤੇ ਹੋਰ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ।

ਅਦੁੱਤੀ ਗੁਰਮਤਿ ਸੰਗੀਤ ਸਮੇਲਨ ਵਿੱਚ ਗੁਰੁ ਸਾਹਿਬਾਨ ਜੀ ਵਲੋਂ ਸਨਮਾਨਿਤ ਰਾਗਾਂ ਅਨੁਸਾਰ ਗੁਰਬਾਣੀ ਕੀਰਤਨ ਦਾ ਗਾਇਨ ਕਰਵਾਇਆ ਗਿਆ ਜਿਸ ਅਕੈਡਮੀ ਦੇ ਵਿਦਿਆਰਥੀਆਂ ਨੇ ਤਬਲਾ ਵਾਦਨ ਦੇ ਨਾਲ ਅਰੰਭਤਾ ਕੀਤੀ ਵਿਦਿਆਰਥੀਆਂ ਨੇ ਤੰਤੀ ਸਾਜਾਂ ਦੁਆਰਾ ਕੀਰਤਨ ਦੀ ਅਰੰਭਤਾ ਕੀਤੀ ਇਹਨਾਂ ਸਮਾਂਗਮਾਂ ਵਿੱਚ ਭਾਈ ਹਰਪਿੰਦਰ ਸਿੰਘ, ਭਾਈ ਜਸਪਿੰਦਰ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੋ ਅਕੈਡਮੀ ਦੇ ਵਿਦਿਆਰਥੀ ਹਨ ਇਹਨਾਂ ਨੇ ਹਰ ਜਸ ਦਾ ਗਾਇਨ ਕੀਤਾ। ਭਾਈ ਚਾਣਕ ਸਿੰਘ ਤਖਤ ਸ੍ਰੀ ਕੇਸਗੜ ਸਾਹਿਬ, ਭਾਈ ਇਕਬਾਲ ਸਿੰਘ ਲੁਧਿਆਣਾ, ਭਾਈ ਹਰਜੋਤ ਸਿੰਘ ਜਖਮੀ, ਪ੍ਰੋ. ਕਰਤਾਰ ਸਿੰਘ ਜੀ ਤੇ ਡਾ. ਗੁਰਨਾਮ ਸਿੰਘ ਜੀ ਨੇ ਕੀਰਤਨ ਛਹਿਬਰ ਲਾਈ ਜੋ ਸ੍ਰੋਤਿਆਂ ਤੇ ਲੰਮੇ ਸਮੇਂ ਤੱਕ ਹਿਰਦਿਆਂ ਤੇ ਬਹੁਤ ਅਸਰ ਰੱਖੇਗੀ।

ਪੰਜਬੀ ਯੂਨੀਵਰਸਿਟੀ ਦਾ ਜਦੋਂ ਵੀ ਜਿਕਰ ਆਉਦਾ ਹੈ ਤਾਂ ਡਾ. ਗੁਰਨਾਮ ਸਿੰਘ ਜੀ ਨਾਮ ਵਿਦਿਆਰਥੀ, ਰਿਸਾਰਚ ਕਰਨ ਵਾਲੇ ਵਿਦਿਵਾਨਾਂ ਦੇ ਮਨ ਵਿੱਚ ਪਹਿਲੇ ਆਉਦਾਂ ਹੈ। ਡਾ. ਗੁਰਨਾਮ ਸਿੰਘ ਜੀ ਨੇ ਅਕਾਦਮਿਕ ਪੱਧਰ ਤੇ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਐਮ. ਏ. ਗੁਰਮਤਿ, ਗੁਰਮਤਿ ਸੰਗੀਤ ਦੇ ਵੱਖ-ਵੱਖ ਵਿਸ਼ਿਆ ਤੇ ਪੀ. ਐਚ. ਡੀ., ਆਨ ਲਾਈਨ ਗੁਰਮਤਿ ਸੰਗੀਤ ਲਾਇਬਰੇਰੀ, ਗੁਰਮਤਿ ਸੰਗੀਤ ਉਤਸਵ, ਤੇ ਗੁਰੂ ਸਾਹਿਬਾਨ ਜੀ ਵਲੋਂ ਸਨਮਾਨਿਤ ਰਾਗਾਂ ਅਨੁਸਾਰ ਕੀਰਤਨ ਪ੍ਰਤੀਯੋਗਤਾ, ਗੁਰਮਤਿ ਸੰਗੀਤ ਦੀਆਂ ਅਨੇਕਾਂ ਹੀ ਅਨਮੋਲ ਪੁਸਤਕਾਂ ਰੱਚਕੇ ਕਈ ਮੀਲ ਪੱਥਰ ਸਥਾਪਿਤ ਕੀਤੇ। ਆਪ ਜੀ ਦੀਆਂ ਇਹਨਾਂ ਠੋਸ ਤੇ ਨਿਗਰ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਸਾਹਿਬ ਤੇ ਉਹਨਾਂ ਦੇ ਸਮੂਹ ਵਿਦਿਆਰਥੀ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਨੇ ਮਿਤੀ ੧੭-੧੨-੨੦੧੩ ਨੂੰ ਅਦੁੱਤੀ ਗੁਰਮਤਿ ਸੰਗੀਤ ਸੰਮੇਲਣ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗਿਆਨੀ ਮੱਲ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ. ਸੁਖਦੇਵ ਸਿੰਘ ਭੌਰ ਜਨਰਲ ਸਕੱਤਰ (ਸ਼੍ਰੋ.ਗੁ. ਪ੍ਰੰ. ਕਮੇਟੀ) ਅੰਮ੍ਰਿਤਸਰ, ਸ. ਸਤਬੀਰ ਸਿੰਘ ਸਕੱਤਰ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ, ਸ. ਸੁਖਵਿੰਦਰ ਸਿੰਘ ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਪ੍ਰੋ. ਕਰਤਾਰ ਸਿੰਘ ਜੀ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਵੱਲੋਂ ਗੁਰਮਤਿ ਸੰਗੀਤ ਅਕੈਡਮੀ ਐਵਾਰਡ ਨਾਲ ਸਿਰੋਪਾਉ ਸਨਮਾਨ ਚਿੰਨ, ਸਨਮਾਨ ਪੱਤਰ ਤੇ ੩੧੦੦੦ ਦੀ ਨਗਦ ਰਾਸੀ ਸਹਿਤ ਪ੍ਰਦਾਨ ਕੀਤਾ ਗਿਆ, ਜੋ ਬਹੁਤ ਹੀ ਭਰਪੂਰ ਸਲਾਘਾਯੋਗ ਉਪਰਾਲਾ ਹੈ। ਇਸ ਨਾਲ ਗੁਰਮਤਿ ਸੰਗੀਤ ਦੇ ਪ੍ਰਚਾਰਕਾਂ, ਖੋਜ ਕਰਨ ਵਾਲਿਆਂ ਵਿਦਿਵਾਨਾਂ, ਗੁਰਮਤਿ ਸੰਗੀਤ ਅਨੁਸਾਰ ਕੀਰਤਨ ਕਰਨ ਵਾਲਿਆਂ ਰਾਗੀ ਜੱਥਿਆ ਨੂੰ ਹੋਰ ਦ੍ਰਿਤੜਾ ਨਾਲ ਲੱਗੇ ਰਹਿਣ ਦੀ ਪ੍ਰੇਣਾਂ ਮਿਲੀ।

ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਕੀਰਤਨ ਸ਼ੈਲੀ ਨੂੰ ਜੀਵਤ ਰੱਖਣ ਦਾ ਜਦੋਂ ਵੀ ਜ਼ਿਕਰ ਆਉਂਦਾ ਹੈ ਤਾਂ ਗੁਰਮਤਿ ਸੰਗੀਤ ਦੇ ਮਾਰਤੰਡ, ਬਾਬਾ ਬੋਹੜ੍ਹ ਪ੍ਰੋ. ਕਰਤਾਰ ਸਿੰਘ ਜੀ ਦਾ ਨਾਮ ਮੋਹਰਲੀ ਕਤਾਰ ਵਿੱਚ ਆਉਦਾਂ ਹੈ। ਆਪ ਨੇ ਸੈਂਕੜੇ ਹੀ, ਸੰਗੀਤ ਅਧਿਆਪਕ, ਪ੍ਰੋਫੈਸਰ, ਤੰਤੀ ਸਾਜਾਂ ਨਾਲ ਕੀਰਤਨ ਕਰਨ ਵਾਲੇ ਰਾਗੀ ਜੱਥਿਆਂ ਦਾ ਇਕ ਵਿਸ਼ਾਲ ਕਾਫਲਾ ਤਿਆਰ ਕੀਤਾ ਜੋ ਅਲੋਪ ਹੋ ਚੁੱਕੀ ਪ੍ਰੰਪਰਾਗਤ ਕੀਰਤਨ ਸ਼ੈਲੀ ਨੂੰ ਪੁਨਰ ਸੁਰਜੀਤ ਕਰਨ ਲਈ ਨਿਰੰਤਰ ਯਤਨਸ਼ੀਲ ਹੈ। ਪ੍ਰੋ. ਕਰਤਾਰ ਸਿੰਘ ਜੀ ਅੱਜ ਇਹਨਾਂ ਦੀ ਬਦੌਲਤ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦਾ ਸੰਗੀਤ ਜਗਤ ਵਿੱਚ ਵਿਸ਼ੇਸ਼ ਸਥਾਨ ਹੈ। ਸਿੱਖ ਪੰਥ ਦੇ ਪ੍ਰਮੁੱਖ ਗੁਰ ਅਸਥਾਨਾਂ ਤੇ ਪੁਰਾਤਨ ਕੀਰਤਨ ਮਰਿਯਾਦਾ ਅਨੁਸਾਰ ਗਾਇਨ ਕਰਨ ਵਾਲੇ ਰਾਗੀ ਜੱਥੇ, ਸੰਗੀਤ ਅਧਿਆਪਕ, ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਨਮੋਲ ਪੁਸਤਕਾਂ ਰੱਚੀਆਂ ਆਪ ਜੀ ਗੁਰਮਤਿ ਸੰਗੀਤ ਦੀ ਦਾਤ ਵੰਡਣ ਵਿੱਚ ਸਦੈਵ ਹੀ ਪ੍ਰਸੰਨ ਰਹਿੰਦੇ ਹਨ ਸਵਰ ਸਾਧਨਾ, ਸ਼ਬਦ ਬੰਦਸ਼ਾਂ ਦਾ ਰਿਆਜ਼ ਕਰਵਾਉਦੇ ਨਾ ਅੱਕਦੇ ਨਾ ਹੀ ਥੱਕਦੇ ਹਨ ।

ਇਹਨਾਂ ਸਮਾਗਮਾਂ ਵਿੱਚ ਧਰਮ ਪ੍ਰਚਾਰ ਕਮੇਟੀ ਦੇ ਸਿਖ ਮਿਸ਼ਨਰੀ ਅੰਮ੍ਰਿਤਸਰ, ਬੇਬੇ ਨਾਨਕੀ ਗੁਰਮਤਿ ਵਿਦਿਆਲਾ ਕਪੂਰਥਲਾ, ਸੰਤ ਕਰਤਾਰ ਸਿੰਘ ਭੂਰਾ ਕਨੋ ਵਿਦਿਆਲਾ ਤਰਨਤਾਰਨ,ਡੇਰਾ ਬਾਬਾ ਨਾਨਕ ਗੁਰਮਤਿ ਵਿਦਿਆਲਾ, ਗੁਰਮਤਿ ਸੰਗੀਤ ਅਕੈਡਮੀ ਸ਼ੇਖੂਪੁਰ ਮੰਚੂਰੀ ਹਰਿਆਣਾ, ਗੁਰਮਤਿ ਇਸਟੀਚਿਊਟ ਤਲਵੰਡੀ ਸਾਬੋ ਦਮਦਮਾ ਸਾਹਿਬ ਤੇ ਗੁਰਮਤਿ ਸੰਗੀਤ ਅਕੈਡਮੀ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਭਾਗ ਲਿਆ। ਸ੍ਰੀ ਅਨੰਦਪੁਰ ਸਾਹਿਬ ਦੀਆਂ ਧਾਰਮਿਕ ਸਭਾ ਸੁਸਾਇਟੀਆਂ, ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਜਥੇਦਾਰ ਗਿਆਨੀ ਮੱਲ ਸਿੰਘ,ਸ. ਸੁਖਵਿੰਦਰ ਸਿੰਘ ਹੈਡ ਗ੍ਰੰਥੀ , ਸ. ਸੁਖਵਿੰਦਰ ਸਿੰਘ ਮੈਨੇਜਰ,ਸ. ਰਣਬੀਰ ਸਿੰਘ ਐਡੀਸ਼ਨ ਮੈਨੇਜਰ, ਭਾਈ ਫੂਲਾ ਸਿੰਘ ਪੰਜ ਪਿਆਰਾ, ਸ. ਹਰਦੇਵ ਸਿੰਘ ਸੂਚਨਾ ਅਫਸਰ, ਸ. ਸੁਰਜੀਤ ਸਿੰਘ ਗਾਈਡ, ਸ. ਸਰੂਪ ਸਿੰਘ, ਸ. ਲਖਵਿੰਦਰਸਿੰਘ,ਸ. ਚੰਦਰਪਾਲ ਸਿੰਘ. ਸ਼ ਰੇਸ਼ਮ ਸਿੰਘ ਭਾਈ ਅਮਰਜੀਤ ਸਿੰਘ ਇੰਚਾਰਜ ਪਾਠਾਂ ਤੇ ਹਜੂਰੀ ਰਾਗੀ ਸ਼ਾਮਲ ਹੋਏ। ਜਥੇਦਾਰ ਸੰਤੋਖ ਸਿੰਘ, ਭਾਈ ਹਰਸਿਮਰਨ ਸਿੰਘ ਡਾਇਰੈਕਟਰ, ਗਿਆਨੀ ਕੁਲਵੰਤ ਸਿੰਘ, ਪ੍ਰੋ ਸੁਰਜੀਤ ਸਿੰਘ, ਪ੍ਰੋ. ਅਮਰਜੀਤ ਸਿੰਘ, ਮਾਸਟਰ ਜੰਗ ਸਿੰਘ,ਸ. ਬਘੇਲ ਬਾਵਾ,ਸ੍ਰੀ ਅਨੰਦਪੁਰ ਸਾਹਿਬ ਜੀ ਸਮੂਹ ਪੱਤਰਕਾਰ।

ਸੁਖਵਿੰਦਰ ਸਿੰਘ ਸਾਗਰ, ਸੰਗੀਤ ਅਧਿਆਪਕ, ਗੁਰਮਤਿ ਸੰਗੀਤ ਅਧਿਆਪਕ, ਸ੍ਰੀ ਅਨੰਦਪੁਰ ਸਾਹਿਬ, ੯੭੨੫੦-੦੨੦੧੫